Price : Rs. 5.00



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-34

11 ਤੋਂ 17 ਮੱਘਰ 2072 - 26 Nov. to 2 December 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਤਿਗੁਰੂ ਬੇਮੁੱਖ ਵੀ ਤਾਰੇ



ਸਤਿਗੁਰੂ ਦੀ ਨਿੰਦਿਆ ਕਰਨ ਵਾਲੇ ਵੀ, ਸਤਿਗੁਰੂ ਨਾਲ ਦਵੈਸ਼ ਕਰਨ ਵਾਲੇ ਵੀ, ਬੇਮੁੱਖ ਵੀ ਤਾਰੇ। ਰਾਮਚੰਦਰ ਜੀ ਨੇ ਰਾਵਣ ਜੈਸੇ ਵੀ ਤਾਰ ਦਿੱਤੇ। ਕ੍ਰਿਸ਼ਨ ਮਹਾਰਾਜ ਨੇ ਕੰਸ ਜੈਸੇ ਵੀ ਤਾਰ ਦਿੱਤੇ। ਜਰਾ ਸਿੰਧ ਵਰਗਾ ਜਿਹੜਾ ਖਵਰ ਨਹੀਂ ਕਿਤਨੀ ਵਾਰੀ ਫੋਜ ਲੈ ਕੇ ਚੜ੍ਹਿਆ-ਉਹਨਾ ਦਾ ਵੀ ਉਧਾਰ ਕੀਤਾ। ਉਹ ਸਤਿਗੁਰੂ ਨਿਰਵੈਰ ਹੈ।




ਬੰਗਲੌਰ ਵਿਖੇ ਇੰਡੀਅਨ ਹਾਕੀ ਟੀਮ 'ਵਰਲਡ ਹਾਕੀ ਪ੍ਰੀਮੀਅਰ ਲੀਗ' ਵਿੱਚ ਖੇਡਣ ਤੋਂ ਪਹਿਲਾ ਸ੍ਰੀ ਸਤਿਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਦੀ ਹੋਈ-੧੪ ਨਵੰਬਰ ੨੦੧੫

## ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਚੌਥਾ ਸੰਗੀਤ ਸੰਮੇਲਨ

ਸ੍ਰੀ ਭੈਣੀ ਸਾਹਿਬ, 22 ਨਵੰਬਰ- ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 96ਵੇਂ ਪ੍ਰਕਾਸ਼-ਪੁਰਬ ਸਮੇਂ ਚੌਥਾ ਯਾਦਗਾਰੀ ਸ਼ਾਸਤ੍ਰੀ ਸੰਗੀਤ ਸੰਮੇਲਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛੱਤਰ ਛਾਇਆ ਹੇਠ ਸਮਾਪਤ ਹੋਇਆ। ਇਹ ਸੰਮੇਲਨ ਕੱਲ ਸ਼ੁਰੂ ਹੋਇਆ ਸੀ ਜਿਸ ਵਿੱਚ ਵਿਸ਼ਵ ਪ੍ਰਸਿੱਧ ਸੰਗੀਤਕਾਰਾਂ, ਗਾਇਕਾਂ ਅਤੇ ਕੱਥਕ ਨ੍ਰਿਤਕਾਰ ਨੇ ਆਪਣੀ ਸ਼ਾਸਤ੍ਰੀ ਕਲਾਂ ਦੇ ਜੋਹਰ ਵਖਾਏ। ਇਸ ਵਿੱਚ ਵਿਸ਼ਵ ਪ੍ਰਸਿੱਧ ਤਬਲਾ ਵਾਦਕ ਉਸਤਾਦ ਅਲਾ ਰਖਾ ਖਾਂ ਦੇ ਤਿੰਨੇ ਫਰਜ਼ੰਦ ਉਸਤਾਦ ਜ਼ਾਕਿਰ ਹੁਸੈਨ, ਉਸਤਾਦ ਫਜ਼ਲ ਕੁਰੈਸ਼ੀ, ਉਸਤਾਦ ਤੌਹਫੀਕ ਕੁਰੈਸ਼ੀ ਤੋਂ ਇਲਾਵਾ, ਕੱਥਕ ਨਿਰਤਕ ਪੰਡਿਤ ਰਾਜੇਦਰ ਗੰਗਾਨੀ, ਉਸਤਾਦ ਸ਼ਾਸਤ੍ਰੀ ਗਾਇਕ ਉਲਹਾਸ ਕੁਸ਼ਾਲਕਰ, ਪੰਡਿਤ ਯੋਗੇਸ਼ ਸਾਮਸੀ ਅਤੇ ਨਾਮਧਾਰੀ ਕਲਾਕਾਰਾਂ ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ, ਕ੍ਰਿਪਾਲ ਸਿੰਘ ਨਾਮਧਾਰੀ ਆਦਿ ਨੇ ਆਪਣੇ ਗੁਣਾਂ ਰਾਹੀ ਸਰੋਤਿਆ ਦਾ ਮਨ ਮੋਹ ਲਿਆ। ਸਾਰੇ ਕਲਾਕਾਰਾਂ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਮਾਨ ਸਨਮਾਨ ਬਖ਼ਸ਼ਣ ਦੀ ਕਿਰਪਾ ਕੀਤੀ।

## ਪ੍ਰਸਿੱਧ ਸਾਹਿਤਕਾਰ ਡਾ. ਮਹੀਪ ਸਿੰਘ ਨਹੀਂ ਰਹੇ



ਗੁੜ੍ਹਗਾਵਾਂ, 24 ਨਵੰਬਰ: ਅੱਜ ਪੰਜਾਬੀ ਅਤੇ ਹਿੰਦੀ ਜਗਤ ਦੇ ਪ੍ਰਸਿੱਧ ਸਾਹਿਤਕਾਰ ਅਤੇ ਪੱਤਰਕਾਰ ਡਾ. ਮਹੀਪ ਸਿੰਘ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਉਹ 85 ਸਾਲਾ ਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਤੋਂ ਅਗਵਾਈ ਲੈ ਕੇ ਉਹਨਾਂ ਨੇ ਵਿਸ਼ਵ ਦੇ ਪੰਜਾਬੀ ਭਾਈ ਚਾਰੇ ਨੂੰ ਵਿਸ਼ਵ ਪ੍ਰਸਿੱਧ ਕਾਨਫੰਰਸਾਂ ਰਾਹੀ ਸੁੱਚਜੀ ਸੇਧ ਦਿਤੀ ਜਿਸ ਕਰ ਕੇ ਉਹ ਸਤਿਗੁਰੂ ਜੀ ਦੇ ਨਿਕਟਤਮ ਸਾਹਿਤਕਾਰਾਂ ਵਿੱਚ ਗਿਣੇ ਜਾਂਦੇ ਸਨ। ਸਤਿਗੁਰੂ ਉਦੈ ਸਿੰਘ ਜੀ ਨੇ ਉਹਨਾਂ ਦੇ ਸੰਸਾਰ ਤੋਂ ਤੁਰ ਜਾਣ ਉਤੇ ਸਾਹਿਤ ਜਗਤ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਦਸਿਆ।

ਡਾ. ਸਾਹਿਬ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਨੂੰ ਨਵੀਂ ਸੇਧ ਦਿੱਤੀ। ਉਹ ਸੰਚੇਤਨਾ ਨਾਂ ਦੇ ਹਿੰਦੀ ਦੇ ਤ੍ਰਹਿ ਮਾਸਿਕ ਪੱਤਰ ਦੇ ਸੰਪਾਦਕ ਸਨ। ਜਿਸ ਰਾਹੀ ਉਹ ਉੱਚ ਕੋਟੀ ਦਾ ਸਾਹਿਤ ਅਤੇ ਭੱਖਦੇ ਮਸਲਿਆਂ ਬਾਰੇ ਪਾਠਕਾਂ ਨਾਲ ਅਖੀਰ ਤਕ ਜੁੜੇ ਰਹੇ। ਹਿੰਦੀ ਦੇ ਪ੍ਰਸਿੱਧ ਅਖ਼ਬਾਰਾਂ ਤੋਂ ਬਿਨਾ ਰੋਜ਼ਾਨਾ ਅਜੀਤ ਵਿੱਚ ਛਪੇ ਸਮੇਂ-ਸਮੇਂ ਉਹਨਾਂ ਦੇ ਲੇਖ ਚਰਚਾ ਦਾ ਵਿਸ਼ਾ ਬਣਦੇ ਸਨ। ਉਹ ਗਲਪ ਸਾਹਿਤ ਵਿੱਚ ਸੈਂਕੜੇ ਕਹਾਣੀਆਂ ਅਤੇ ਕੁੱਝ ਨਾਵਲਾਂ ਰਾਹੀ ਪਾਠਕਾਂ ਦੇ ਮਨਾ ਵਿੱਚ ਘਰ ਕਰ ਗਏ ਸਨ। ਉਹਨਾਂ ਨਮਿਤ ਰਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ 30 ਨਵੰਬਰ 2015 ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ (ਦਿੱਲੀ) ਵਿਖੇ 4 ਤੋਂ 5 ਵਜੇ ਤੱਕ ਪਾਇਆ ਜਾਏਗਾ।

# ਪੰਥ ਨਾਮਧਾਰੀ

ਗਿਆਨੀ ਗਿਆਨ ਸਿੰਘ ਨੇ, ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਸਿਖਾਂ ਦੀ ਇਕ ਸ਼ਾਖ ਬਾਰੇ ਲਿਖਿਆ ਹੈ ਜਿਨ੍ਹਾਂ ਨੂੰ ਕੂਕੇ ਸਿੰਘ ਆਖਿਆ ਗਿਆ ਹੈ। ਉਹਨਾਂ ਬਾਰੇ ਉਸ ਹੋਰ ਲਿਖਿਆ ਹੈ :

*ਸਹੀ ਨਾਮ ਨਾਮਧਾਰੀ ਅਤਿ ਤਿੰਨ ਕੋ ਉਦਾਰੀ*
*ਕੂਕ ਮਾਰਨੇ ਤੈ ਕੂਕਾ ਪੰਥ ਬਖਾਣ ਹੈ।*

ਇਹੀ ਇਕ ਨਾਮਧਾਰੀ ਪੰਥ ਹੈ ਜਿਹੜਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਗੱਦੀ ਦੇ ਬਾਹਰਵੇਂ ਅਵਤਾਰ ਸਤਿਗੁਰੂ ਰਾਮ ਸਿੰਘ ਨੇ ਅਠਾਰ੍ਹਾਂ ਸੌ ਸਤਵੰਜਾ ਦੀ ਵਸਾਖੀ ਵਾਲੇ ਦਿਨ ਸਥਾਪਤ ਕੀਤਾ। ਭਾਵ ਨਾਮਧਾਰੀ ਪੰਥ ਦੀ ਸਾਜਨਾ ਕੀਤੀ।

ਗਿਆਨੀ ਜੀ ਨੇ ਸਿੱਖ ਪੰਥ ਦੀਆਂ ਹੋਰ ਸੰਪਰਦਾਵਾਂ ਨਿਰਮਲ ਪੰਥ ਅਤੇ ਨਿਹੰਗ ਸਿੰਘਾਂ ਬਾਰੇ ਵੀ ਲਿਖਿਆ ਹੈ। ਉਹਨਾਂ ਨੇ ਸਿਖ ਪੰਥ ਵਿਚਲੇ ਕਈ ਭੇਖਾਂ ਬਾਰੇ ਵੀ ਲਿਖਿਆ ਹੈ ਜਿਵੇਂ ਉਦਾਸੀ, ਸੱਤ ਕਰਤਾਰੀਏ, ਗੁਲਾਬਦਾਸੀਏ, ਨਿਰੰਜਨੀਏ, ਹੀਰਾ ਦਾਸੀਏ ਅਡਨ ਸ਼ਾਈਏ ਆਦਿ। ਪਰ ਕੇਵਲ ਤੇ ਕੇਵਲ ਕੂਕੇ ਸਿੰਘਾਂ ਬਾਰੇ ਲਿਖਦਿਆਂ ਹੀ ਲਿਖਿਆ ਹੈ ਕਿ ਹਜ਼ਰੋਂ ਦੇ ਅਰੜ ਬੰਸੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਦਰਸਨ ਅਤੇ ਗੁਰਗੱਦੀ ਦੀ ਦਾਤ ਦੇ ਕੇ ਕਿਹਾ ਕਿ ਇਹ ਮੇਰੀ ਅਮਾਨਤ ਹੈ, ਮੈਂ ਆਪਣੇ ਅਗਲੇ ਜਾਮੇ ਵਿਚ ਆ ਕੇ ਲਵਾਂਗਾ :

*ਐਪੇ ਗੁਰ ਦਸਮ ਦਰਸ*
*ਦੈ ਜੋ ਕਹਿਓ ਤਾਹਿ*
*ਮੇਰੋ ਅਵਤਾਰ ਅੰਸ*
*ਰਾਮ ਸਿੰਘ ਹ੍ਵੈ ਠਰੈ।*

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਪੰਥ ਦੀ ਸਾਜਣਾ ਸਮੇਂ ਅਕਾਲ ਪੁਰਖ ਤੋਂ ਇਹ ਦਾਤ ਮੰਗੀ ਸੀ ਕਿ ਮੈਂ ਗਊ ਗਰੀਬ ਦੀ ਰਖਿਆ ਕਰਨ ਵਾਲਾ ਪੰਥ ਪੈਦਾ ਕਰਾਂ। ਉਹਨਾਂ ਆਪਣੀ ਬਾਣੀ ਉਗ੍ਰਦੰਤੀ ਵਿਚ ਲਿਖਿਆ :

*ਹਮਨ ਬੈਰੀਅਨ ਕਉ ਪਕੜ ਘਾਤ ਕੀਜੈ।।*
*ਤਬੈ ਦਾਸ ਗੋਬਿੰਦ ਕਾ ਮਨ ਪਤੀਜੈ।।*
*ਤੁਹੀ ਆਸ ਪੂਰਨ ਜਗਤ ਗੁਰ ਭਵਾਨੀ।।*
*ਛੱਤ੍ਰ ਛੀਨ ਮੁਗਲਨ ਕਰਹੁ ਬੇਗ ਫਾਨੀ।।*
*ਸਕਲ ਹਿੰਦ ਸਿਉ ਤੁਰਕ ਦੁਸਟਾ ਬਿਦਾਰਹੁ।।*
*ਧਰਮ ਕੀ ਧੁਜਾ ਕਉ ਜਗਤ ਮੈ ਝਲਾਰਹੁ।।*

*ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ।।*
*ਬਹੁੜ ਤੀਸਰਾ ਪੰਥ ਕੀਜੈ ਪਰਧਾਨੀ।।*
*ਜੋ ਉਪਜੈ ਮਰੈ ਤਾਹਿ ਸਿਮਰਨ ਨ ਕੀਜੈ।।*
*ਅਟਲ ਪੁਰਖ ਅਕਾਲ ਕਾ ਨਾਮ ਲੀਜੈ।।*

*ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।।*
*ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।।*
*ਫਤਹ ਸਤਿਗੁਰੂ ਕੀ ਜਗਤ ਸਿਉਂ ਬੁਲਾਊ।।*
*ਸਭਨ ਕਉ ਸਬਦ ਵਾਹਿ ਵਾਹਿ ਦਿੜਾਊ।।*
*ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ।।*
*ਜਗਹਿ ਸਿੰਘ ਜੋਧੇ ਧਰਹਿ ਨੀਲ ਭੇਸਾ।।*

**ਸਿਖ ਰਾਜ ਸਥਾਪਤ ਹੋ ਗਿਆ–**

ਉਸ ਸਮੇਂ ਮੁਗਲ ਫੌਜ ਦਾ ਪਹਿਰਾਵਾ ਨੀਲਾ ਸੀ ਸੋ ਸਤਿਗੁਰੂ ਜੀ ਨੇ ਉਸ ਬਾਣੇ ਵਾਲਿਆਂ ਨੂੰ ਧਰਨ, ਭਾਵ ਦਬਾਉਣ ਦੀ ਮੰਗ ਮੰਗੀ। ਸਤਿਗੁਰੂ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿਖਾਂ ਅੰਦਰ ਐਸੀ ਸਪਰਿਟ ਭਰੀ ਕਿ ਉਹਨਾਂ ਨੇ ਮੁਗਲ ਸਲਤਨਤ ਨਾਲ ਲੋਹਾ ਲਿਆ, ਖੰਡਾ ਖੜਕਾਇਆ ਅਤੇ ਮੁਗਲ ਰਾਜ ਦੀਆਂ ਜੜਾਂ ਤਾਂ ਹਿਲਾਉਣੀਆਂ ਹੀ ਸਨ, ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਹਮਲਾਵਰਾਂ ਦਾ ਰਾਹ ਬੰਦ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਸਿਖ ਰਾਜ ਸਥਾਪਤ ਹੋ ਗਿਆ। ਮੁਗਲ ਰਾਜ ਤਾਂ ਇੰਝ ਲਗਦਾ ਸੀ ਕਿ ਦਿੱਲੀ ਦੇ ਲਾਲ ਕਿਲ੍ਹੇ ਤਕ ਹੀ ਸੀਮਿਤ ਰਹਿ ਗਿਆ ਹੋਵੇ।

ਮੈਦਾਨੀ ਰਸਤੇ ਤੋਂ ਤਾਂ ਹਮਲਾਵਰਾਂ ਦਾ ਆਉਣਾ ਬੰਦ ਹੋ ਗਿਆ। ਸਮੁੰਦਰੀ ਰਸਤੇ ਹੌਲੀ ਹੌਲੀ ਯੋਰਪੀਅਨ ਗੋਰੇ ਹਿੰਦੁਸਤਾਨ ਵਿਚ ਆ ਵੜੇ। ਵਪਾਰ ਕਰਨ ਦੇ ਨਾਲ ਉਹਨਾਂ ਰਾਜ ਨੂੰ ਵੀ ਮੂੰਹ ਮਾਰਨਾ ਸ਼ੁਰੂ ਕੀਤਾ। ਹੌਲੀ ਹੌਲੀ ਉਹ ਦਿੱਲੀ ਤਖਤ ਤੇ ਵੀ ਕਾਬਜ਼ ਹੋ ਗਏ। ਉਹਨਾਂ ਬਦਨੀਤੀਆਂ ਦੀ ਚਾਲ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਛੇਤੀਂ ਹੀ ਭਾਂਪ ਲਿਆ। ਨਾਮਧਾਰੀ ਪੰਥ ਦੇਸ਼ ਭਗਤੀ ਅਤੇ ਪ੍ਰਭੂ ਭਗਤੀ ਦੋਹਾਂ ਪੱਖਾਂ ਤੋਂ ਨਿਪੁੰਨਤਾ ਨਾਲ ਅਗੇ ਵੱਧਣ ਵਾਲਾ ਪੰਥ ਸੀ। ਜਿਹੜਾ 1947 ਈ. ਤਕ ਲਗਾਤਾਰ ਸੁਤੰਤਰਤਾ ਸੰਗਰਾਮ ਵਿਚ ਜੂਝਦਾ ਰਿਹਾ ਅਤੇ ਦੇਸ਼ ਨੂੰ ਆਜ਼ਾਦ ਕਰਾ ਕੇ ਹੀ ਇਸ ਨੇ ਸਾਹ ਲਿਆ। ਇਸ ਨੇ ਹਰ ਉਸ ਹਿੰਦੁਸਤਾਨ ਵਿਅਕਤੀ, ਸੰਸਥਾ, ਪਾਰਟੀ ਜਾਂ ਸੰਪਰਦਾ ਨਾਲ ਸਾਂਝ ਰਖੀ ਜਿਸ ਅੰਦਰ ਦੇਸ਼ ਭਗਤੀ ਦਾ ਜ਼ਜ਼ਬਾ ਸੀ ਪਰ ਮਰਿਯਾਦਾ ਆਪਣੀ ਰਖੀ, ਗੁਰ ਮਰਯਾਦਾ, ਸਤਿਗੁਰੂ ਸਾਹਿਬਾਨ ਦੀ ਦੱਸੀ ਮਰਯਾਦਾ, ਸੱਚ ਸੁੱਚ, ਸੰਜਮ, ਨਾਮ ਬਾਣੀ ਦੇ ਧਾਰਨੀ ਹੋਣ ਦੀ ਮਰਯਾਦਾ।

ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਦਾ ਆਤਮਕ ਬਲ ਵਧਾਉਣ ਲਈ ਉਹਨਾਂ ਨੂੰ ਧਰਮ ਪ੍ਰਾਇਣ ਸਿੱਖ ਬਣਾਇਆ ਅਤੇ ਭਜਨ ਦੇਣ ਦੇ ਨਾਲ ਨਾਲ ਪੰਜ ਕਕਾਰ ਦੇ ਧਾਰਨੀ ਸਿੱਖਾਂ ਨੂੰ ਇਹ ਸਮਝਾਇਆ ਕਿ :

**ਜੇ ਕੋਈ ਭਜਨ ਪੁਛਕੇ ਨਾ ਕਰੂਗਾ ਉਸ ਦਾ ਮੂਹ ਦੁਹੀ ਜਹਾਨੀ ਕਾਲਾ ਹੋਊਗਾ। ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ ਬੋਲੁ ਕਬੋਲੁ ਸਹਿ ਜਾਣਾ ਸਭਦਾ। ਜੋ ਕੋਈ ਮਾਰੇ ਕੁਛੁ ਤਾ ਭੀ ਖਿਮਾ ਕਰਨੀ ਤੁਸਾਂ ਦਾ ਰਛਕ ਗੁਰੂ ਹੈ। –ਰਹਿਮਨਾਮਾ**

**ਸਦਾਚਾਰਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਇਆ–**

ਸਤਿਗੁਰੂ ਜੀ ਨੇ ਨਾਮਧਾਰੀ ਪੰਥ ਨੂੰ ਸਮਾਜਕ ਤੌਰ ਤੇ ਚੰਗਾ ਬਣਾਉਣ ਲਈ ਕੁੜੀਆਂ ਦਾ ਮਾਰਨਾ, ਵੇਚਣਾ, ਵੱਟਾ ਕਰਨਾ, ਬਾਲ ਵਿਆਹ ਕਰਨਾ ਬੰਦ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਸਦਾਚਾਰਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਇਆ। ਸਤਿਗੁਰੂ ਜੀ ਨੇ ਇਹਨਾਂ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ, ਨਿਤਨੇਮ, ਅੰਮ੍ਰਿਤ ਬਣਾਉਣ ਜਾਂ ਹਵਨ ਕਰਨ ਸਮੇਂ ਪੜਨ ਦੀ ਮਰਯਾਦਾ ਤੋਰੀ। ਆਪ ਨੇ ਨਾਮਧਾਰੀ ਸਿੱਖਾਂ ਨੂੰ ਕਿਸੇ ਤਰ੍ਹਾਂ ਦੇ ਨਸ਼ੇ ਕਰਨ ਤੋਂ ਮੁਕਤ ਕੀਤਾ ਅਤੇ ਸਾਤਵਿਕ ਸ਼ਾਕਾਹਾਰੀ, ਸ਼ੁੱਧ, ਸੁੱਚ, ਸੋਧ ਦਾ ਪ੍ਰਸਾਦ ਵਰਤਣ ਦੀ ਜਾਚ ਦੱਸੀ। ਦੇਸ਼ ਭਗਤੀ ਦੀ ਰਾਹ ਤੇ ਤੋਰਨ ਲਈ ਉਹਨਾਂ ਨੇ ਵਿਦੇਸ਼ੀ ਚੀਜਾਂ ਦੇ ਬਾਈਕਾਟ ਕਰਨ ਨੂੰ ਪ੍ਰਚਾਰਿਆ। ਉਹਨਾਂ ਦੇ ਕਪੜੇ ਵਿਦਿਆ, ਨਿਆਂ-ਪ੍ਰਣਾਲੀ, ਡਾਕ ਪ੍ਰਬੰਧ, ਰੇਲ ਪ੍ਰਬੰਧ ਆਦਿ ਦਾ ਬਾਈਕਾਟ ਕਰਵਾਇਆ, ਸਵੈ ਨਿਰਭਰ ਬਣਵਾਇਆ। ਆਪ ਦੇ ਦੱਸੇ ਮਾਰਗ ਤੇ ਚਲਕੇ ਨਾਮਧਾਰੀ ਸਿੱਖਾਂ ਨੇ ਜਦ ਉਚੀ ਆਜ਼ਾਦੀ ਦੀ ਕੂਕ ਮਾਰੀ ਤਾਂ ਅੰਗਰੇਜ਼ ਜਾਂ ਅੰਗਰੇਜ਼ ਭਗਤਾਂ ਨੂੰ ਨਾ ਸੁਖਾਈ। ਉਹਨਾਂ ਨੇ ਕੁਝ ਨਾਮਧਾਰੀ ਸਿਖਾਂ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ। ਕੁਝ ਨੂੰ ਤੋਪਾਂ ਨਾਲ ਉਡਾਇਆ। ਕਈਆਂ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ ਅਤੇ ਕਈਆਂ ਨੂੰ ਜੇਲ ਅੰਦਰ ਡਕ ਦਿੱਤਾ।

18 ਜਨਵਰੀ 1872 ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ ਜਲਾਵਤਨ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੀ ਡਿਉਡੀ ਵਿਚ ਪੁਲਿਸ ਚੌਕੀ ਬਿਠਾਈ ਗਈ। ਪੰਜ ਤੋਂ ਵੱਧ ਨਾਮਧਾਰੀ ਸਿੱਖਾਂ ਦੇ ਇਕਠੇ ਹੋਣ ਤੇ ਅਤੇ ਬਾਣੀ ਦਾ ਪਾਠ ਕਰਨ ਉਤੇ ਪਾਬੰਦੀ ਲਾਈ ਗਈ। ਕੁਝ ਸਰਕਾਰ ਭਗਤ ਸਿੱਖਾਂ ਤੇ ਰਜਵਾੜਿਆਂ ਨੂੰ ਨਾਮਧਾਰੀਆਂ ਦੀਆਂ ਰਿਪੋਰਟਾਂ ਦੇਣ, ਉਨਾਂ ਨੂੰ ਸਿੱਖੀ ਤੋਂ ਪਤਿਤ ਕਰਨ ਅਤੇ ਆਪਣੇ ਸਤਿਗੁਰੂ ਤੋਂ ਬੇਮੁੱਖ ਕਰਨ ਦੀ ਕੋਝੀ ਚਾਲ ਚਲੀ ਗਈ। ਸਾਰੇ ਦੇਸ਼ ਦਾ ਪਤਾ-ਪਤਾ ਨਾਮਧਾਰੀ ਸਿੱਖਾਂ ਦਾ ਵੈਰੀ ਹੋ ਕੇ ਅੰਗਰੇਜ਼ ਭਗਤੀ ਦਾ ਦਮ ਭਰਨ ਲਗਾ। ਉਦੋਂ ਵੀ ਨਾਮਧਾਰੀ ਸਿੱਖ ਝੁਕੇ ਨਹੀਂ।

ਨਾਮਧਾਰੀ ਸਿਖਾਂ ਦਾ ਨਾਮ ਜਪਣਾ ਵੀ ਉਨ੍ਹਾਂ ਨੂੰ ਰੜਕਦਾ ਸੀ। ਕਿਸੇ ਪਿੰਡ ਵਿਚੋਂ ਨਾਮਧਾਰੀ ਜਾਂ ਕੂਕਾ ਲੰਘਦਾ ਤਾਂ ਪਿੰਡ ਦਾ ਨੰਬਰਦਾਰ ਉਹਨਾਂ ਦੀ ਸ਼ਿਕਾਇਤ ਸਰਕਾਰੀ ਦਰਬਾਰੇ ਕਰਦਾ ਸੀ। ਇਸ ਨਾਲ ਕਈ ਕੱਚੇ ਪਿੱਲੇ ਨਾਮਧਾਰੀ ਝੜ ਗਏ। ਉਸ ਸਮੇਂ ਕੋਈ ਸੰਚਾਰ ਸਾਧਨ ਤਾਂ ਕੋਈ ਖਾਸ਼ ਹੈ ਨਹੀਂ ਸਨ। ਸਤਿਗੁਰੂ ਹਰੀ ਸਿੰਘ ਜੀ ਵੀ ਸਾਰੀਆਂ ਸਰਕਾਰੀ ਪਾਬੰਦੀਆਂ ਸਹਿਣ ਲਈ ਮਜ਼ਬੂਰ ਸਨ। ਇਸ ਸਮੇਂ ਕਈ ਬਾਬਿਆਂ ਨੇ ਦੂਰ ਨੇੜੇ ਆਪਣੇ ਡੇਰੇ ਬਣਾ ਲਏ। ਉਹ ਸਤਿਗੁਰੂ ਦੀ ਸੋਭਾ ਕਰਨ ਦੀ ਥਾਂ ਆਪਣੇ ਆਪ ਨੂੰ ਵਡਿਆਉਣ ਲੱਗੇ। ਜਦੋਂ ਕੁਝ ਪਾਬੰਦੀਆਂ ਘੱਟੀਆਂ, ਸਤਿਗੁਰੂ ਹਰੀ ਸਿੰਘ ਜੀ ਨੇ ਦੌਰੇ

(ਬਾਕੀ ਸਫਾ 4 'ਤੇ)

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

**ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

## ਸ੍ਰੀ ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ

**ਸਿੰਘਾਂ ਵਲ ਪੁਜਾਰੀਆਂ ਨਿਗਾ ਕੀਤੀ, ਭੁਖੇ ਦੇਖਨੇ ਵਾਂਗ ਅੰਗਿਆਰ ਸਾਰੇ।**
**ਏਸੇ ਤੌਰ ਦਰਵਾਰ ਦੇ ਵਿਚ ਪਹੁੰਚੇ, ਹਥ ਜੋੜ ਕਰਦੇ ਨਮਸਕਾਰ ਸਾਰੇ।**
**ਗੁਰੂ ਤਿੰਨ ਵਾਰਾਂ ਮਥਾ ਟੇਕ ਕੇ ਤੇ ਫਤੇ ਵਾਹਿਗੁਰੂ ਕਹੀ ਉਚਾਰ ਸਾਰੇ।**
**ਭੇਟਾ ਨਗਦ ਪ੍ਰਸਾਦਿ ਸੀ ਰਖ ਦਿੱਤਾ ਸਤਿਗੁਰ ਖੜੇ ਹੋਏ ਨਿਰਾਧਾਰ ਸਾਰੇ।**
**ਕਾਮਾਂ ਮਾਂਗ ਪੁਜਾਰੀਆਂ ਮਤਾ ਕੀਤਾ ਕੱਠੇ ਆਣ ਹੋਏ ਇਕੋ ਵਾਰ ਸਾਰੇ।**
**ਆਖਣ ਆਈ ਚਿੱਠੀ ਸਾਨੂੰ ਅਮਰਸਰ ਦੀ ਅਸੀਂ ਓਸਦੇ ਹਾਂ ਤਾਬੇਦਾਰ ਸਾਰੇ।**

**(ਚਲਦਾ)**

# ਕੂਕਾ ਲਹਿਰ ਦੇ ਵਿਦੇਸ਼ੀ ਸੰਬੰਧਾਂ ਬਾਰੇ ਵਖਿਆਨ

**ਸ੍ਰੀ ਭੈਣੀ ਸਾਹਿਬ (ਪੰਜਾਬ)**–ਅੱਸੂ ਦੇ ਸਾਲਾਨਾ ਜਪ ਪ੍ਰਯੋਗ ਦੇ ਅੰਤਿਮ ਦਿਨਾਂ ਵਿਚ ਸ੍ਰੀ ਪ੍ਰਤਾਪ ਮੰਦਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਬਾਅਦ ਲਗਾਤਾਰ ਤਿੰਨ ਦਿਨ 11 ਤੋਂ 13 ਅਕਤੂਬਰ 2015 ਤੱਕ, ਰੋਜ਼ਾਨਾ ਕ੍ਰਮਵਾਰ ਸੂਬਾ ਬਿਸ਼ਨ ਸਿੰਘ ਕਾਬਲ ਵਾਲਾ, ਬਾਬਾ ਗੁਰਚਰਨ ਸਿੰਘ ਚੱਕ ਰਾਮਦਾਸ ਅਤੇ ਸੂਰਬੀਰ ਕਿਸ਼ਨ ਸਿੰਘ ਗਰੰਥ ਗੜ੍ਹ ਦੇ ਜੀਵਨ ਅਤੇ ਕਾਰਨਾਮਿਆਂ ਬਾਰੇ ਵਿਖਿਆਨ ਇਤਿਹਾਸ ਖੋਜੀ ਸੁਵਰਨ ਸਿੰਘ ਵਿਰਕ ਦੁਆਰਾ ਦਿਤੇ ਗਏ। ਇਹ ਤਿੰਨੇ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਹੋਏ ਸਨ ਅਤੇ ਉਹਨਾਂ ਦੇ ਹੁਕਮ ਅਨੁਸਾਰ ਹੀ ਅਫਗਾਨਿਤਸਾਨ, ਰੂਸ ਅਤੇ ਨੇਪਾਲ ਗੁਆਂਢੀ ਦੇਸ਼ਾਂ ਨਾਲ ਆਪਣੇ ਕੂਟਨੀਤਕ ਸੰਬੰਧ ਵਿਕਸਿਤ ਕਰਨ ਦੇ ਆਹਰ ਵਿਚ ਸਨ ਤਾਂਕਿ ਬਸਤੀਵਾਦ ਅੰਗਰੇਜ਼ੀ ਸਰਕਾਰ ਵਿਰੁੱਧ ਗੁਆਂਢੀ ਏਸ਼ੀਅਨ ਤਾਕਤਾਂ ਦਾ, ਇਕ ਮੋਰਚਾ ਬਣਾਇਆ ਜਾ ਸਕੇ। ਵਿਰਕ ਹੋਰਾਂ ਨੇ ਦੱਸਿਆ ਕਿ ਸੂਬਾ ਬਿਸ਼ਨ ਸਿੰਘ, ਸਾਕਾ ਮਲੇਰਕੋਟਲਾ ਦੇ ਜਥੇਦਾਰ ਹੀਰਾ ਸਿੰਘ ਅਤੇ ਲਹਿਣਾ ਸਿੰਘ ਦਾ ਵੀ ਪ੍ਰੇਰਨਾ ਸਰੋਤ ਬਣਿਆ। ਇਸ ਸਾਕੇ ਤੋਂ ਦੋ ਸਾਲ ਪਹਿਲਾਂ ਹੋਏ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਉਸ ਦਾ ਸਤਿਗੁਰੂ ਜੀ ਦੀ ਸੰਗਤ ਵਿਚ ਸ਼ਾਮਲ ਹੋਣ ਦਾ ਜ਼ਿਕਰ ਹੈ। ਫਿਰ ਗੁਰੂ ਆਗਿਆ ਅਨੁਸਾਰ ਉਹ ਕਾਬੁਲ ਦੇ ਅਮੀਰਾਂ ਪਾਸ ਅਤੇ ਮੱਧ ਏਸ਼ੀਆ ਦੇ ਰੂਸੀ ਖਿੱਤੇ ਵਿਚ ਘੁੰਮਦਾ ਰਿਹਾ। ਉਹ ਮਹਾਰਾਜਾ ਦਲੀਪ ਸਿੰਘ, ਰੂਸ ਅਤੇ ਕੂਕਿਆਂ ਦੀ ਤਿਕੋਣ ਦਾ ਵੀ ਮਹੱਤਵਪੂਰਨ ਬਿੰਦੂ ਹੈ। ਉਸ ਤੋਂ ਦੂਸਰੇ ਦੋਹਾਂ ਸੂਰਮਿਆਂ ਜਿਉਂ, ਅੰਗਰੇਜ਼ ਸਰਕਾਰ ਭੈਅ ਖਾਂਦੀ ਸੀ। ਓਹ ਗੁਪਤ ਰੂਪ ਵਿਚ ਭੈਣੀ ਸਾਹਿਬ ਆਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਵੀ ਕਰ ਗਿਆ ਸੀ। ਬਾਬਾ ਗੁਰਚਰਨ ਸਿੰਘ, ਜਿਸਨੂੰ ਬਾਅਦ ਵਿਚ ਗੁਰੂ ਹਰੀ ਸਿੰਘ ਜੀ ਨੇ ਸੂਬਾ ਥਾਪਿਆ, ਅਨੇਕ ਵਾਰ ਨਾਮਧਾਰੀ ਪੰਥ ਦੇ ਗੁਰੂ ਸਾਹਿਬਾਨ ਅਤੇ ਉਧਰੋਂ ਰੂਸੀ ਹਾਕਮਾਂ ਦੇ ਪੱਤਰਾਂ ਦਾ ਆਦਾਨ ਪਰਦਾਨ ਕਰਨ ਲਈ, ਬਿਰਧ ਉਮਰ ਵਿਚ ਵੀ ਪੈਦਲ ਤੁਰ ਕੇ ਸੈਂਕੜੇ ਕੋਹ ਪੰਧ ਕਰ ਸਕਦਾ ਸੀ। ਉਸਨੂੰ ਇਹਨਾਂ ਦੇਸ਼ ਭਗਤੀ ਦੀਆਂ ਕਾਰਵਾਈਆਂ ਲਈ ਲਗਾਤਾਰ ਸੱਤ ਵਰ੍ਹੇ ਮੁਲਤਾਨ ਸ਼ਹਿਰ ਵਿਚ ਨਜ਼ਰਬੰਦ ਰਹਿਣਾ ਪਿਆ ਸੀ।

ਭਾਈ ਕ੍ਰਿਸ਼ਨ ਸਿੰਘ ਗਰੰਥ ਗੜ੍ਹ (ਅੰਮ੍ਰਿਤਸਰ) ਦੇ ਪ੍ਰਸਿੱਧ ਆਹਲੂਵਾਲੀਏ ਸਰਦਾਰਾਂ ਵਿਚੋਂ ਸੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿਚ ਆ ਚੁੱਕੇ ਸਨ। ਉਹਨਾਂ ਨੇ ਪਹਿਲਾਂ ਤਾਂ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਦੇ ਸਮੇਂ ਉਥੇ ਫੌਜ ਦੀ ਕੂਕਾ ਰੈਜੀਮੈਂਟ ਤਿਆਰ ਕਰਨ ਵਿਚ (ਬਾਕੀ ਸਫਾ 7 'ਤੇ)

# ਸਵਾ ਲੱਖ ਪਾਠਾਂ ਦੀ ਰਿਪੋਰਟ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ**
**ਸਵਾ ਲੱਖ ਪਾਠਾਂ ਦੇ ਭੋਗ**

1. ਪਹਿਲੀ ਵਾਰ – 10 ਸਤੰਬਰ 1961 ਵਿਚ ਸ੍ਰੀ ਭੈਣੀ ਸਾਹਿਬ
2. ਦੂਸਰੀ ਵਾਰ – ਸਤੰਬਰ 1974 ਵਿਚ ਸੰਤ ਨਗਰ ਜ਼ਿਲਾ (ਸਿਰਸਾ)
3. ਤੀਸਰੀ ਵਾਰ – ਸਤੰਬਰ 1997 ਵਿਚ ਸ੍ਰੀ ਭੈਣੀ ਸਾਹਿਬ (ਲੁਧਿਆਣਾ)
4. ਚੌਥੀ ਵਾਰ – 27 ਮਾਰਚ 1997 ਤੋਂ ਆਰੰਭ ਹਨ। ਜੋ ਕਿ ਚਲ ਰਹੇ ਹਨ।

ਉਹਨਾਂ ਦਾ ਵੇਰਵਾ

| | | | | | | | | |
|---|---|---|---|---|---|---|---|---|
| ਮਾਰਚ | 1997 | ਤੋਂ | 17 ਜਨਵਰੀ | 2003 | ਤੱਕ | = | 35807 | ਪਾਠ ਕੀਤੇ |
| ਫਰਵਰੀ | 2003 | ਤੋਂ | 17 ਦਸੰਬਰ | 2003 | ਤੱਕ | = | 2405 | ਪਾਠ ਕੀਤੇ |
| 1 ਜਨਵਰੀ | 2004 | ਤੋਂ | 20 ਅਕਤੂਬਰ | 2005 | ਤੱਕ | = | 4570 | ਪਾਠ ਕੀਤੇ |
| 21 ਅਕਤੂਬਰ | 2005 | ਤੋਂ | 27 ਮਾਰਚ | 2007 | ਤਕ | = | 4286 | ਪਾਠ ਕੀਤੇ |
| 28 ਮਾਰਚ | 2007 | ਤੋਂ | 26 ਸਤੰਬਰ | 2010 | ਤੱਕ | = | 6221 | ਪਾਠ ਕੀਤੇ |
| 27 ਸਤੰਬਰ | 2010 | ਤੋਂ | 17 ਅਕਤੂਰ | 2011 | ਤੱਕ | = | 3098 | ਪਾਠ ਕੀਤੇ |
| 18 ਅਕਤੂਬਰ | 2011 | ਤੋਂ | 10 ਅਕਤੂਬਰ | 2012 | ਤੱਕ | = | 4756 | ਪਾਠ ਕੀਤੇ |
| 11 ਅਕਤੂਬਰ | 2012 | ਤੋਂ | 17 ਅਕਤੂਬਰ | 2013 | ਤੱਕ | = | 7981 | ਪਾਠ ਕੀਤੇ |
| 18 ਅਕਤੂਬਰ | 2013 | ਤੋਂ | 16 ਅਕਤੂਬਰ | 2014 | ਤੱਕ | = | 2927 | ਪਾਠ ਕੀਤੇ |
| 17 ਅਕਤੂਬਰ | 2014 | ਤੋਂ | 17 ਅਕਤੂਬਰ | 2015 | ਤੱਕ | = | 4671 | ਪਾਠ ਕੀਤੇ। |

**ਕੁਲ ਪਾਠ = 76722**

**ਮਾਰਚ 1997 ਤੋਂ 17 ਅਕਤੂਬਰ 2015 ਤੱਕ**

**ਕੁਲ ਪਾਠਾਂ ਦਾ ਜੋੜ = 76722**

*ਪਾਠ ਪ੍ਰਬੰਧਕ : ਗੁਰਦਿਆਲ ਸਿੰਘ ਰਾਏਸਰ – 94177-82611*
*ਸ੍ਰੀ ਭੈਣੀ ਸਾਹਿਬ*

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਿੱਖੀ ਦੀ ਸ਼ੁਰੂਆਤ ਹੀ ਈਰਖਾ ਛੱਡਣ ਤੋਂ ਹੁੰਦੀ ਹੈ



*ਪਰਮ ਸਤਿਕਾਰਯੋਗ ਸਾਧ-ਸੰਗਤ ਜੀ ਇੱਕ ਵਾਰੀ ਰਸਨਾ ਪਵਿੱਤਰ ਕਰੋ, ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ।*

*ਅੱਜ ਮੈਂ ਖ਼ਾਸ ਕਰਕੇ ਤੁਹਾਨੂੰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਇਸ ਕਰਕੇ ਆਖਣ ਲਈ ਆਖਿਆ ਹੈ ਕਿ ਜਿਹੜੀ ਅਨੰਦ ਕਾਰਜ ਦੀ ਰਸਮ ਤੁਸੀਂ ਹੁਣੇ ਦੇਖੀ ਏ, ਇਹ ਉਹਨਾਂ ਦੀ ਦਿੱਤੀ ਹੋਈ ਹੈ। ਨਾ ਸਿਰਫ਼ ਨਾਮਧਾਰੀ ਸਿਖਾਂ ਵਿਚ, ਸਗੋਂ ਸਾਰੇ ਸਿੱਖ ਜਗਤ ਵਿੱਚ ਅਨੰਦ ਕਾਰਜ ਦੀ ਰਸਮ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਸ਼ੁਰੂ ਕੀਤੀ ਸੀ। ਇਸ ਤੋਂ ਪਹਿਲਾ ਜੇ ਅਸੀਂ ਇਤਿਹਾਸ ਵੇਖੀਏ, ਪੜ੍ਹੀਏ ਤਾਂ, ਇਸ ਤਰ੍ਹਾਂ, ਚੌਥੇ ਪਾਤਸ਼ਾਹ ਜੀ ਦੀਆਂ ਰਚੀਆਂ ਹੋਈਆਂ ਲਾਂਵਾਂ ਤੇ ਤੀਜੇ ਪਾਤਸ਼ਾਹ ਜੀ ਦੇ ਰੱਚੇ ਹੋਏ ਅਨੰਦ ਸਾਹਿਬ ਨਾਲ ਅਨੰਦ ਕਾਰਜ ਕਦੇ ਹੋਏ ਨਹੀਂ।*

*ਉਦੋਂ ਇਸ ਦੀ ਕਿਉਂ ਜ਼ਰੂਰਤ ਸੀ ਤੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਕਿਉਂ ਸ਼ੁਰੂ ਕੀਤਾ? ਬੀਬੀਆਂ ਖਾਸ ਕਰਕੇ ਮੇਰੀ ਗੱਲ ਧਿਆਨ ਨਾਲ ਸੁਣ ਲੈਣ ਉਹਦੀ ਜ਼ਰੂਰਤ ਇਹ ਸੀ ਕਿ ਲੋਕ ਇਨ੍ਹੇ ਦੁੱਖੀ ਹੋ ਚੁੱਕੇ ਸੀ ਵਿਆਵਾਂ ਦੇ ਖ਼ਰਚਿਆਂ ਤੋਂ ਕਿ ਜੰਮਦੀਆਂ ਕੁੜੀਆਂ ਨੂੰ ਮਾਰਿਆ ਜਾਂਦਾ ਸੀ। ਦਾਜ ਦਾ ਰਿਵਾਜ ਬਣ ਚੁੱਕਾ ਸੀ, ਵਿਆਹ ਬਹੁਤ ਮਹਿੰਗੇ ਹੋ ਗਏ ਸੀ, ਸੋ ਸੋਚ ਹੋ ਗਈ ਸੀ ਕਿ ਸਾਡੇ ਘਰ ਕੋਈ ਕੁੜੀ ਜੰਮੇ ਹੀ ਨਾ। ਸਮਾਜ ਦੀ ਉਸ ਗੰਦਗੀ ਨੂੰ ਖ਼ਤਮ ਕਰਨ ਲਈ, ਸਤਿਗੁਰੂ ਰਾਮ ਸਿੰਘ ਜੀ ਨੇ, ਸਾਨੂੰ ਇਹ ਅਨੰਦ ਦੀ ਦੇਣ ਦਿੱਤੀ ਹੈ।*

*ਹੁਣ ਜਿਹਨਾਂ ਦੇ ਅਨੰਦ ਕਾਰਜ ਹੋਏ ਨੇ, ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ ਉਹ ਬੱਚੇ ਬੱਚੀਆਂ ਆਪਸ ਵਿੱਚ ਖ਼ੁਸ਼ ਰਹਿਣ। ਪਰ ਮੈਂ ਇਹ ਅਰਜ਼ ਬੇਨਤੀ ਬੜੇ ਜ਼ੋਰ ਨਾਲ ਕਰਦਾ ਹਾਂ ਕਿ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੀ ਦਿੱਤੀ ਹੋਈ ਇਸ ਦਾਤ ਨੂੰ ਆਪਾਂ ਪਾਰਟੀਆਂ ਕਰਕੇ ਛੋਟੀ ਨਾ ਕਰੀਏ, ਉਹਨੂੰ ਮੈਲੀ ਨਾ ਕਰੀਏ। ਤੁਹਾਨੂੰ-ਸਾਨੂੰ ਇਹ ਮਾਣ ਏ ਕਿ ਉਹਨਾਂ ਦੀ ਦਿੱਤੀ ਹੋਈ ਪਵਿੱਤਰ ਗੁਰਬਾਣੀ ਅਤੇ ਹਵਨ ਵੇਦੀ ਸਹਿਤ ਇਹ ਅਨੰਦ ਹੋਏ ਨੇ। ਹੁਣ ਜਾ ਕੇ ਹੋਰ ਕੋਈ ਵੀ ਰਿਵਾਜ਼ ਨਾ ਕਰਿਓ। ਇਹ ਗੱਲ ਨਾ ਆਖਿਓ ਕਿ ਯਾਰ ਦੋਸਤ ਕੀ ਕਹਿਣਗੇ। ਮੇਰੇ ਰਿਸ਼ਤੇਦਾਰ ਕੀ ਕਹਿਣਗੇ। ਨਾ ਤੁਹਾਡੇ ਨਾਲ ਰਿਸ਼ਤੇਦਾਰਾਂ ਨੇ ਜਾਣਾ ਹੈ ਨਾ ਤੁਹਾਡੇ ਯਾਰਾਂ ਦੋਸਤਾਂ ਨੇ ਜਾਣਾ ਹੈ। ਅਗਲੀ ਗੱਲ ਤਾ ਛੱਡੋ ਇਥੇ ਵੀ ਕੋਈ ਨਾਲ ਨਹੀਂ ਤੁਰਦਾ। ਤੁਹਾਨੂੰ ਪਤਾ ਹੈ ਜਦੋਂ ਮੁਸ਼ਕਿਲ ਬਣਦੀ ਏ ਕੋਈ ਨਹੀਂ ਤੁਰਦਾ ਨਾਲ, ਤੁਰਨ ਵਾਲਾ, ਕ੍ਰਿਪਾ ਕਰਨ ਵਾਲਾ, ਸਿਰਫ਼ ਇੱਕ ਸਤਿਗੁਰੂ ਏ। ਜਿਨ੍ਹਾ ਸੱਚੇ ਪਾਤਸ਼ਾਹ ਨੇ ਸਾਨੂੰ ਜ਼ੋਰ ਨਾਲ ਇਹ ਦ੍ਰਿੜਾਇਆ, ਇੱਕ-ਇੱਕ ਬੱਚੇ ਨੂੰ ਜਿਹੜੇ ਉਦੋਂ ਨੌਜਵਾਨ ਸੀ, ਹੁਣ ਮੇਰੀ ਉਮਰ ਦੇ ਨੇ-ਜਾ ਮੇਰੇ ਤੋਂ ਵਡੀ ਉਮਰ ਦੇ ਨੇ ਉਹਨਾਂ ਨੂੰ ਪਤਾ ਹੈ ਕਿ ਸੱਚੇ ਪਾਤਸ਼ਾਹ ਕਿਸ ਤਰ੍ਹਾਂ ਨੌਜਵਾਨਾਂ ਨੂੰ, ਕੁੜੀਆਂ ਨੂੰ ਮੁੰਡਿਆਂ ਨੂੰ, ਸਦ ਸਦ ਕੇ ਪ੍ਰਣ ਕਰਵਾਉਂਦੇ ਸਨ। ਅਸੀਂ ਪਾਰਟੀ ਨਹੀਂ ਕਰਾਂਗੇ, ਅਸੀਂ ਦਾਜ ਨਹੀਂ ਮੰਗਾਗੇ। ਉਹਨਾਂ ਸੱਚੇ ਪਾਤਸ਼ਾਹ ਨੂੰ ਯਾਦ ਕਰਦੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।*

*ਮੈਂ ਅਰਜ਼ ਬੇਨਤੀ ਕਰਨੀ ਚਾਵ੍ਹਾਂਗਾ ਕਿ ਸਾਡਾ ਸਵੇਰ ਦਾ ਉੱਠਣਾ ਬਹੁਤ ਘੱਟਦਾ ਜਾ ਰਿਹਾ ਹੈ, ਖ਼ਾਸ ਕਰਕੇ ਜੇ ਮੈਂ ਦਿੱਲੀ ਵਿੱਚ ਵੇਖਾਂ ਤੇ, ਤੁਹਾਡੇ ਤੇ ਹੋਰ ਬਹੁਤ ਜ਼ਿਆਦਾ ਅਸਰ ਪਿਆ ਹੈ। ਵਾਰੇ ਵਿੱਚ ਅੱਜ ਮੈਂ ਵੀ ਲੇਟ ਆਇਆ, ਪੰਜ ਵਜੇ ਤਾਂ ਮੈਂ ਹੀ ਪਹੁੰਚਿਆ ਸੀ, ਜਿਹੜਾ ਨਾਮਧਾਰੀ ਸਿੱਖਾਂ ਦੇ ਹਿਸਾਬ ਨਾਲ ਬਹੁਤ ਲੇਟ ਏ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਜਿਹੜੇ ਸਟੈਂਡਰਡ ਸੈੱਟ ਕੀਤੇ ਸੀ, ਉਹ ਦੇ ਹਿਸਾਬ ਨਾਲ ਬਹੁਤ ਲੇਟ ਏ। ਪਰ ਜਦੋਂ ਮੈਂ ਵੀ ਆਇਆ ਬਹੁਤ ਥੋੜੇ ਜਿਹੇ ਸਿੱਖ ਅਤੇ ਬੀਬੀਆਂ ਬੈਠੇ ਸੀ। ਮੇਰੇ ਖਿਆਲ ਨਾਲ ਵੀਹ-ਤੀਹ ਹੋਣੇ ਨੇ, ਇਨੇ ਕੁ ਬੈਠੇ ਸੀ, ਬਾਕੀ ਕੁੱਝ ਛੇ ਵਜੇ ਸਾਡੇ ਛੇ ਵਜੇ ਤੱਕ ਹੀ ਪਹੁੰਚੇ ਇਸ ਤਰ੍ਹਾਂ ਲਗਦੈ ਜਿਵੇਂ ਵਿਆਵ੍ਹਾਂ ਦੇ ਹਿਸਾਬ ਨਾਲ ਆਏ, ਆਸਾ ਦੀ ਵਾਰ ਜਾਂ ਨਾਮ ਸਿਮਰਨ ਕਰਨ ਲਈ ਨਹੀਂ ਆਪਾਂ ਆਏ। ਆਪਾਂ ਇਹ ਸਵੇਰ ਦਾ ਉੱਠਣਾ ਨਾ ਛਡੀਏ ਜਿਹੜਾ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਨੂੰ ਦਿੱਤਾ ਹੈ ਇਹ ਮੇਰੀ ਅਰਜ਼ ਹੈ। ਤੁਸੀਂ ਤਜਰਬਾ ਕਰ ਕੇ ਵੇਖ ਲਉ ਇੱਕ ਮਹੀਨਾਂ, ਤੁਸੀਂ ਅੰਮ੍ਰਿਤ ਵੇਲੇ ਉੱਠ ਕੇ, ਨਾਮ ਸਿਮਰਨ ਕਰਕੇ, ਕੰਮ ਤੇ ਜਾਓ, ਤੁਹਾਨੂੰ ਬਹੁਤ ਫ਼ਰਕ ਲਗੇਗਾ। ਤੁਹਾਨੂੰ ਆਪਣਾ ਆਪ ਚੰਗਾ ਲਗੇਗਾ। ਇਹ ਜੋ ਸੱਚੇ ਪਾਤਸ਼ਾਹ ਸਾਨੂੰ ਦਿੱਤਾ ਏ ਇਹ ਇਸ ਦੁਨੀਆਂ ਵਾਸਤੇ ਵੀ ਚੰਗਾ ਏ, ਅੱਗੇ ਵਾਸਤੇ ਤਾਂ ਹੈ ਹੀ। ਪਰ ਇਥੇ ਵੀ ਤੁਹਾਨੂੰ ਫ਼ਰਕ ਜਾਪੇਗਾ। ਆਪਾਂ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਹੁਕਮ ਮੰਨਣ ਵਿੱਚ ਹੀ ਸੁੱਖ ਏ।*

*ਪ੍ਰਯੋਗ ਵਿੱਚ ਸੰਗਤ ਆਉਂਦੀ ਰਹੀ ਏ, ਬਹੁਤ ਕ੍ਰਿਪਾ ਕੀਤੀ ਏ। ਪਰ ਉਹ ਪ੍ਰਯੋਗ ਵਾਲਾ ਮਾਹੌਲ ਜੇ ਤੁਸੀਂ ਉਨਾਂ ਛੇਤੀ ਨਹੀਂ ਉਠ ਸਕਦੇ, ਸੂਰਜ ਚੜ੍ਹਨ ਤੋਂ ਪਹਿਲਾਂ ਉਠਣ ਦਾ ਮਨ ਸਾਰੇ ਹੀ ਬਣਾ ਕੇ ਰਖੋ, ਉਹ ਸਾਰਾ ਸਾਲ ਹੀ ਬਣਦਾ ਰਹੇ। ਕਿਸੇ ਦੇ ਮਨ ਵਿੱਚ ਇਹ ਨਾ ਆਵੇ ਕਿ ਮੈਂ ਨਾਮ ਸਿਮਰਨ ਕੀਤਾ ਹੈ ਜੀ ਮੈਨੂੰ ਸਿਰੋਪਾ ਨਹੀਂ ਦਿੱਤਾ। ਚਲੋ ਇੱਕ ਰਿਵਾਜ਼ ਸ਼ੁਰੂ ਕਰ ਲਿਆ, ਬੱਚਿਆ ਨੂੰ ਉਤਸ਼ਾਹਿਤ ਕਰਨ ਵਾਸਤੇ ਤਾਂਕਿ ਛੋਟੇ ਬੱਚੇ ਆਉਣ, ਪਰ ਇਹ ਕਿਸੇ ਦੇ ਮਨ ਵਿਚ ਨਾ ਆਵੇ, ਥਾਂ-ਥਾਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ, ਸਾਨੂੰ ਨਾਮ ਜਪ ਕੇ ਲੁਕਾਉਣ ਵਾਸਤੇ ਹੁਕਮ ਕੀਤਾ ਹੈ। ਇੱਕ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿੱਚ ਸੀ, ਜਿਹੜੇ ਸੁਣਦੇ ਰਹਿੰਦੇ ਨੇ ਉਹਨਾਂ ਨੂੰ ਧਿਆਨ ਹੋਵੇਗਾ, ਭੁਪਿੰਦਰ ਸਿੰਘ ਭੁਰਜੀ, ਉਹ ਅਮਰੀਕਾ ਚਲੇ ਗਏ ਹਨ। ਉਹਨਾਂ ਦੇ ਪਿਤਾ ਹੁੰਦੇ ਸੀ ਸੰਤ ਹੁਕਮ ਸਿੰਘ ਭੁਰਜੀ ਸੱਚੇ ਪਾਤਸ਼ਾਹ ਹੁਕਮ ਕੀਤਾ, "ਕਿ ਇੱਕ ਦਿਨ ਮੈਂ ਬਾਰਾਂ ਵਜੇ ਉਠਿਆ ਤਾਂ ਉਹ ਮੇਰੇ ਤੋਂ ਪਹਿਲਾਂ ਉਠਕੇ ਬੈਠੇ ਸੀ, ਉਹਨਾਂ ਨੂੰ ਪੁਛਿਆ ਤੁਸੀਂ ਇਨੀ ਛੇਤੀ! ਤਾਂ ਉਹਨਾਂ ਆਖਿਆ ਅੱਛਾ ਮੈਨੂੰ ਤਾਂ ਲੱਗਾ ਕਿ ਤਿੰਨ ਵਜ ਗਏ ਨੇ, ਨਾਲ ਇਹ ਗੱਲ ਵੀ ਆਖੀ ਅੱਛਾ ਕਿਸੇ ਨੂੰ ਦਸਿਓ ਨਾ। ਨਾਮ ਜਪ ਕੇ ਇਹ ਲੁਕਾਉਣ ਵਾਸਤੇ ਝੂੱਠ ਬੋਲਣਾ ਵੀ ਪਏ ਤਾਂ ਬੋਲ ਲਵੋ। ਇਸ ਗੱਲ ਦਾ ਕੋਈ ਗੁੱਸਾ ਨਾ ਕਰੇ ਕਿ ਮੈਂ ਨਾਮ ਜਪਿਆ ਮੈਨੂੰ ਸਿਰੋਪਾ ਦਿੱਤਾ ਹੈ ਕਿ ਨਹੀਂ ਦਿੱਤਾ। ਇਹ ਤਾਂ ਬਹੁਤ ਛੋਟੀਆਂ ਗੱਲਾਂ ਨੇ* **'ਉਸਤਤਿ ਨਿੰਦਾ ਨਾਨਕ ਜੀ ਮੈਂ ਹਭ ਵਞਾਈ'** *ਇਹਨਾਂ ਸਾਰੀਆਂ ਗੱਲਾ ਤੋਂ ਸਿੱਖੀ ਸਾਨੂੰ ਉਪਰ ਉਠਣ ਨੂੰ ਕਹਿੰਦੀ ਏ।*

*ਮੈਂ ਹੋਰ ਅਰਜ਼ ਬੇਨਤੀ ਕਰ ਦੇਣਾ ਉਹ ਵੀ ਇਹ ਦੇ ਨਾਲ ਹੀ ਰਿਲੇਟਿਡ (ਸੰਬੰਧਿਤ) ਹੁੰਦੀ ਹੈ ਕਿ ਜੇ ਇੱਕ ਨੂੰ ਮਿਲ ਜਾਂਦਾ ਹੈ ਤਾਂ ਦੂਜਾ ਕਹਿੰਦਾ ਹੈ ਕਿ ਮੈਨੂੰ ਕਿਉਂ ਨਹੀਂ ਮਿਲਿਆ। ਸਿੱਖੀ ਦੀ ਸ਼ੁਰੂਆਤ ਹੀ ਈਰਖਾ ਛੱਡਣ ਤੋਂ ਹੁੰਦੀ ਹੈ। ਸਾਧ-ਸੰਗਤ ਵਿੱਚ ਆਉਣ ਦੀ ਸ਼ੁਰੂਆਤ ਹੀ ਉਥੋ ਹੁੰਦੀ ਹੈ ਤੇ ਜੇ ਆਪਾਂ ਨਾਮ ਵੀ ਜਪ ਲਿਆ ਸਿਰ ਵਿੱਚ ਪਾਣੀ ਵੀ ਪਾ ਲਿਆ ਤੇ ਮਨ ਵਿੱਚੋਂ ਈਰਖਾ ਨਹੀਂ ਗਈ ਤਾਂ ਉਹ ਪਿੰਡਾਂ ਧੋਣ ਵਾਲੀ ਗੱਲ ਹੀ ਰਹਿ ਜਾਂਦੀ ਹੈ। ਆਪਾਂ ਗੁਰਬਾਣੀ ਕਿਸ ਲਈ ਪੜ੍ਹਦੇ ਹਾਂ? ਗੁਰਬਾਣੀ ਇਸ ਲਈ ਪੜ੍ਹਦੇ ਹਾਂ ਕਿ ਸਾਨੂੰ ਪਤਾ ਲਗੇ ਕਿ ਸਾਡਾ ਰਸਤਾ ਕੀ ਏ, ਗੁਰਬਾਣੀ ਪੜ੍ਹਨ ਤੋਂ ਬਿਨਾਂ ਸਾਨੂੰ ਸਿੱਖੀ ਦਾ ਪਤਾ ਨਹੀਂ ਲਗਦਾ। ਨਿਰਾ ਇਹ ਨਹੀਂ ਆਪਾਂ ਪਾਠ ਕਰ ਲਈਏ। ਸੱਚੇ ਪਾਤਸ਼ਾਹ ਹੁਕਮ ਕਰਦੇ ਹੁੰਦੇ ਸੀ ਕਿ ਰਸਤਾ ਲਿਖਿਆ ਹੋਵੇ ਕਿ ਇਹ ਲਾਟੋਂ ਨੂੰ ਜਾਂਦਾ ਹੈ, ਜਾਂ ਹੋਵੇ ਭੈਣੀ ਸਾਹਿਬ ਜਾਂਦਾ ਹੈ, ਆਪਾਂ ਜੇ ਜਾਈਏ ਹੀ ਨਾ ਉਸ ਰਸ਼ਤੇ ਤੇ ਤਾਂ ਕਿਵੇਂ ਪਹੁੰਚਾਂਗੇ। ਇੰਜ ਹੀ ਜੇ ਆਪਾ ਨਿਰਾ ਪਾਠ ਕਰੀ ਜਾਈਏ ਤਾਂ ਫਿਰ ਉਹਦਾ ਕੋਈ ਫਾਇਦਾ ਨਹੀਂ ਹੁੰਦਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰਨ ਸਾਨੂੰ ਹੁਕਮ ਮੰਨਣ ਦਾ ਬਲ ਬਖ਼ਸ਼ਣ ਆਪਾਂ ਤਗੜੇ ਹੋ ਕੇ ਉਹਨਾਂ ਦੇ ਦੱਸੇ ਹੋਏ ਰਸਤੇ ਤੇ ਚਲੀਏ। ਸਤਿ ਸ੍ਰੀ ਅਕਾਲ।*

***ਦਿੱਲੀ, 1 ਨਵੰਬਰ 2015***

# ਸ੍ਰੀ ਸਤਿਗੁਰੂ ਜੀ ਦੇ ਅਬੂਬ ਸ਼ਹਿਰ ਵਿਖੇ ਦਰਸ਼ਨ





**ਸਿਰਸਾ, 2 ਨਵੰਬਰ–** ਅੱਜ ਗਰੀਬ ਨਿਵਾਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਅਬੂਬ ਸ਼ਹਿਰ, ਡਬਵਾਲੀ ਜ਼ਿਲਾ ਸਿਰਸਾ ਹਰਿਆਣਾ ਵਿਖੇ ਦਰਸ਼ਨ ਦਿੱਤੇ। 1956 ਈ. ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ 60 ਸਾਲ ਬਾਅਦ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਕਿਰਪਾ ਕੀਤੀ ਤੇ ਸੰਗਤ ਦੇ ਘਰਾਂ ਵਿਚ ਚਰਨ ਪਾ ਕੇ ਸਭ ਨੂੰ ਖੁਸ਼ੀਆਂ ਬਖਸ਼ੀਆਂ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਪੁਸ਼ਪਿੰਦਰ ਬਰਾੜ ਦੇ ਘਰ ਦਰਸ਼ਨ ਦਿੱਤੇ। ਸਤਿਗੁਰੂ ਜੀ ਕਿਰਪਾ ਕੀਤੀ ਪੁਸ਼ਪਿੰਦਰ ਬਰਾੜ ਨੂੰ ਆਪਣੇ ਹਸਤ ਕਮਲਾਂ ਨਾਲ ਦਸਤਾਰ ਸਜਾਈ ਤੇ ਨਾਲ ਕੇਸ ਰੱਖਣ ਦਾ ਹੁਕਮ ਕੀਤਾ। ਇਸ ਸਮੇਂ ਸੂਬਾ ਸੰਦੀਪ ਸਿੰਘ ਨੇ ***ਕੋਟਿ ਫਲਾ ਦਰਸਨ ਗੁਰ ਡੀਠੇ।।*** ਧਾਰਨਾ ਦੀ ਟੇਕ ਲੈ ਕੇ ਦਿਵਾਨ ਸਜਾਇਆ। ਮੇਜਰ ਸਿੰਘ ਬਰਾੜ, ਈਸ਼ਰ ਬਰਾੜ, ਪਰਮਜੀਤ ਸਿੰਘ ਢਿਲੋਂ, ਮੰਗਲ ਬਰਾੜ ਨੇ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ।

**–ਜਥੇਦਾਰ ਨਿਸ਼ਾਨ ਸਿੰਘ**

# कांग्रेस के साथ मिलकर काम करते रहें

सद्गुरु जी मर्यादा को दृढ़ करने वाले और नामधारी पंथ को प्राथमिकता देने के लिए कहा करते थे। आपने कांग्रेस में काम करने वाले सिखों से भी पक्के तौर पर कह दिया था कि जहां नामधारी मर्यादा को संभालना कठिन हो जाये वहां से पीछे हट जाओ। आप स्वयं तो मदन मोहन मालवीया, लोकमान्य तिलक, मोती लाल नेहरु, गोपाल कृष्ण गोखले, महात्मा गांधी, सरदार पटेल, मौलाना अबदुल कलाम आजाद और जवाहर लाल नेहरु से भेंट कर स्वतंत्राता के विषय में विचार विर्मश किया करते थे। लेकिन आप अपने तरीके से काम करते थे और आप की सोच स्वतंत्रा थी।

सद्गुरु जी के विचारों से सहमत होकर महाराज गुरदयाल सिंह जी के नेतृत्व में पंडित बसंत सिंह, संत निधान सिंह आलम, संत इंद्र सिंह चक्रवर्ती, पंडित मंशा सिंह कौमी, अनोख सिंह दातेवाल, मंगल सिंह अर्शी फरिशता, मास्टर गुरबख्स सिंह, रतन सिंह कूका, सूबा मेला सिंह डफरके, रागी हरनाम सिंह चविंडा आदि का समूह कांग्रेस के साथ उसकी गतिविधियों में सम्मिलित था। फिर भी कुछ और सिख चाहते थे कि सद्गुर जी पूरी छूट दे दें ताकि सारा नामधारी पंथ उस संग्राम में कांग्रेस का साथ दे सके।

1928 ई0 के सितंबर मास में चालीसा हरिमंदिर साहिब में संपन्न हुआ और साध संगत ने सतजुगी वातावरण का आनंद उठाया। भोग वाले दिन महाराज जी से बात करके कांग्रेस का साथ देने वाले सारे देश सेवक नामधारी इस मेले में आए। उनके साथ राष्टीय स्तर के कांग्रेसी नेता सोहन सिंह भकना, सरदूल सिंह कवीशर, सैयद हबीबुला, बाबू राम सिंह, चौधरी रामभज दत, डा0 सैफुदीन किचलू एवं डा0 सतपाल आदि भी थे। सच्चे पातशाह जी के चरणों में महाराज जी ने लिखित अरदास रखी कि कूकों को कांग्रेस के साथ मिलकर काम करने की इजाज़त मिले।

सच्चे पातशाह ने अरदास पढी और महाराज जी को संबोधित करते हुए कहा कि वे कांग्रेस के साथ मिलकर काम करते रहें और आप जी की वृति सद्गुरु राम सिंह जी के आदेश पालन करने में जुड़ी रहने दें और लौह लंगर की सेवा करते रहने दें। बल्कि आप स्वंय भी अपने कोमल और अस्वस्थ शरीर को कुछ आराम दें।

सद्गुरु जी ने कांग्रेस को यथा संभव सहायता देने का वचन दिया और कहा कि, "जब भी अवसर आएगा कांगेस की आवश्यकता से अधिक सहायता करुंगा पर अपने ही तरीके से।"

कुछ सिख उदास हुए, कुछ आपकी रज़ा में राजी रहे और फिर सब लोग उठकर नमस्कार करके चले गये।

**—अनजान**

1920 में स्थापित सतिजुग

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇਂ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

**ਸਭੀ ਦੇਵਤੇ ਨਾਲ ਬ੍ਰਹਮਾ ਪਾਸ ਪ੍ਰਭੂ ਜੀ ਆਏ,
ਜੈ ਨਾਰਾਇਣ ਜੈ ਨਾਰਾਇਣ ਨਾਹਰੇ ਖੂਬ ਲਗਾਏ।
ਹਰੀ ਨਰਾਇਣ ਕਿਹਾ ਸਮੁਚੇ ਦੇਵਤਿਆਂ ਦੇ ਤਾਈਂ,
ਦੁਖ ਤੁਸਾਂ ਦਾ ਜਾਣ ਲਿਆ ਮੈਂ ਕੋਈ ਭੁਲ ਹੈ ਨਾਹੀਂ।**

**ਤੁਸਾਂ ਦੇ ਬਦਲੇ ਰੂਪ ਮਨੁੱਖ ਦਾ ਧਾਰ ਧਰਤ ਤੇ ਆਵਾਂ,
ਸੂਰਜ-ਵੰਸ਼ ਦੇ ਵਿਚ ਮੈਂ ਆਕੇ ਸਾਰੇ ਦੁੱਖ ਮਿਟਾਵਾਂ।
ਕਸ਼ਯਪ ਤੇ ਆਦਿਤ ਨੇ ਕੀਤਾ ਜਪਤਪ ਬਹੁਤ ਹੀ ਭਾਰਾ,
ਉਸ ਨੂੰ ਪਹਿਲਾਂ ਵਰ ਹੋਇਆ ਏ ਸੁਣੋ ਹਵਾਲਾ ਸਾਰਾ।**

(ਚਲਦਾ)

# ਪੰਥ ਨਾਮਧਾਰੀ... (ਬਾਕੀ ਸਫਾ 2 ਦੀ)

ਕੀਤੇ ਤਾਂ ਉਹ ਸਤਿਗੁਰੂ ਜੀ ਦਾ ਆਦਰ ਕਰਨਾ ਵੀ ਭੁੱਲ ਗਏ। ਜਿਸ ਕਰਕੇ ਜੇ ਕਿਸੇ ਕੋਲ ਭਜਨ ਬੰਦਗੀ ਦਾ ਪ੍ਰਤਾਪ ਸੀ, ਜੇ ਉਸਦੀ ਲੋਕਾਂ ਵਿਚ ਸੋਭਾ ਹੁੰਦੀ ਸੀ ਤਾਂ ਜਦ ਸਤਿਗੁਰੂ ਜੀ ਨੇ ਸੱਤਿਆ ਖਿੱਚ ਲਈ ਅਤੇ ਉਨ੍ਹਾਂ ਦਾ ਟੱਕਾ ਮੁੱਲ ਨਾ ਪਿਆ ਸਗੋਂ ਬਦਨਾਮੀ ਹੋਈ।

ਗੁਰਗੱਦੀ ਦੇ ਮੁਕਾਬਲੇ ਆਪਣੀ ਸੋਭਾ ਕਰਵਾਉਣ ਵਾਲੇ ਕੁਝ ਸਿੱਖ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਹੋਏ ਹਨ। ਪਰ ਸੁਖ ਉਹਨਾਂ ਨੂੰ ਹੀ ਮਿਲਿਆ ਜਿਹੜੇ ਗੁਰਗੱਦੀ ਨਾਲ ਜੁੜੇ ਰਹੇ। ਜਿਹਨਾਂ ਸਤਿਗੁਰੂ ਤੇ ਭਰੋਸਾ ਰੱਖਿਆ। ਜਿਨ੍ਹਾਂ ਨੇ ਆਖਿਆ ਮੈਂ ਰਾਮੇ ਦਾ ਹਾਂ ਕੇਸਰ ਦਾ ਨਹੀਂ। ਭਲਾ ਪਾਵਰ ਹਾਊਸ ਜੁੜੇ ਬਿਨਾਂ ਬਿਜਲੀ ਕਿਵੇਂ ਮਿਲ ਸਕਦੀ ਹੈ। ਇਨਵਰਟਰ ਦਾ ਸੁਖ ਕਿੰਨਾ ਚਿਰ ਰਹੇਗਾ?

ਫਿਰ ਵੀ ਹਰ ਸਮੇਂ ਕੁਝ ਨਿਜੀ ਸੁਆਰਥਾਂ ਕਰਕੇ ਆਪਣੀ ਢਾਈ ਪਾ ਦੀ ਵੱਖਰੀ ਖਿਚੜੀ ਬਣਾਉਣਾ ਚਾਹੁੰਦੇ ਹਨ। ਕਈ ਭੁੱਲੇ ਭਟਕੇ ਲੋਕਾਂ ਜਾਂ ਕਿਸੇ ਸਰੀਰਕ ਬਲ, ਪੈਸੇ ਦੀ ਤਾਕਤ ਜਾਂ ਰਾਜਨੀਤਕ ਤਾਕਤ ਨੂੰ ਆਪਣੇ ਨਾਲ ਸਮਝਦੇ ਹੋਏ, ਗੁਰਮੁਖ ਤੋਂ ਮਨਮੁਖ ਬਣ ਜਾਂਦੇ ਹਨ। ਉਂਝ ਇਹ ਹਰ ਯੁਗ ਵਿਚ ਹੁੰਦਾ ਆਇਆ ਹੈ। ਹਰ ਸਤਿਗੁਰੂ ਦੇ ਸਮੇਂ ਕਿਸੇ ਨਾਂ ਕਿਸੇ ਮਨਮੁਖ ਦੀ ਗੱਲ ਸਾਹਮਣੇ ਆ ਹੀ ਜਾਂਦੀ ਹੈ। ਪਰ ਇਹ ਸੋਚ ਲਿਆ ਜਾਵੇ ਕਿ ਸੁਖੀ ਕੌਣ ਰਹਿੰਦਾ ਹੈ। ਸਤਿਗੁਰੂ ਤੇ ਭਰੋਸਾ ਰੱਖਣ ਵਾਲਾ, ਸਤਿਗੁਰੂ ਦੀ ਦੱਸੀ ਰਹਿਤ ਮਰਯਾਦਾ ਨੂੰ ਆਪਣਾਉਣ ਵਾਲਾ ਗੁਰਮੁਖ ਜਾਂ ਮਨਮਤ ਕਰਨ ਵਾਲਾ ਮਨਮੁੱਖ।

**ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਸ਼ੁਰੂ ਕਰਵਾਈਆਂ–**

ਨਾਮਧਾਰੀ ਪੰਥ ਦਾ ਅੱਜ ਵੀ ਅਧਾਰ ਨਾਮਧਾਰੀ ਪੁਣਾ ਹੈ। ਨਾਮਧਾਰੀ ਪੁਣੇ ਵਿਚ ਇਹਨਾਂ ਦਾ ਬਾਣਾ ਇਕ ਚੀਜ਼ ਹੈ। ਬਾਹਰੀ ਪਛਾਣ ਪਰ ਅਸਲੀ ਪਛਾਣ ਤਾਂ ਨਾਮ ਜਪਣਾ ਹੈ। ਨਾਮ ਵੀ ਸਤਿਗੁਰੂ ਜੀ ਦਾ ਦਿੱਤਾ ਹੋਇਆ ਜਾਂ ਉਹਨਾਂ ਵਲੋਂ ਥਾਪੇ ਗਏ ਆਗੂ ਰਾਹੀਂ ਦਿੱਤਾ ਨਾਮ। ਆਪੇ ਨਾਮ ਜਪਣ ਦਾ ਵਖਾਲਾ ਕਰਨਾ ਮਨਮਤ ਹੈ ਅਤੇ ਨਾਮ ਜਪਣ ਤੋਂ ਕਿਸੇ ਨੂੰ ਹਟਾਉਣਾ ਕਿਸ ਪੱਧਰ ਦੀ ਗੱਲ ਹੈ। ਇਹ ਵੀ ਕੋਈ ਜੀਅ ਹੋਸ਼ ਬੰਦਾ ਕਰਨਾਂ ਪਸੰਦ ਨਹੀਂ ਕਰੇਗਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਧ ਸੰਗਤ ਨੂੰ ਪ੍ਰੇਰਣਾ ਦੇ ਕੇ 18-20 ਥਾਈਂ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਸ਼ੁਰੂ ਕਰਵਾਈਆਂ ਪਰ ਜੇ ਕੋਈ ਉਸ ਟੋਲੇ ਨਾਲ ਜਾ ਰਲੇ ਜਿਹੜਾ ਇਨਾਂ ਵਰਨੀਆਂ ਨੂੰ ਬੰਦ ਕਰਵਾਉਣਾ, ਆਪਣੀ ਜਿੱਤ ਸਮਝੇ ਤਾਂ ਉਹ ਵਿਅਕਤੀ ਭਲਾ ਕਿੰਨਾ ਕੁ ਨਾਮਧਾਰੀ ਹੋਵੇਗਾ।

ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਗੱਦੀ ਦਾ ਕੇਂਦਰ ਸ੍ਰੀ ਭੈਣੀ ਸਾਹਿਬ ਪੰਜਾਬ ਹੈ। ਜੇ ਕਿਸੇ ਗੱਲ ਬਾਰੇ ਸਾਨੂੰ ਕੋਈ ਭੁਲੇਖਾ ਹੋਏ ਤਾਂ ਅਸੀਂ ਇਥੋਂ ਹੀ ਸ੍ਰੀ ਸਤਿਗੁਰੂ ਜੀ ਜਾਂ ਉਹਨਾਂ ਦੇ ਥਾਪੇ ਕਿਸੇ ਪ੍ਰਬੰਧਕ ਨੂੰ ਪੁਛ ਕੇ ਦੂਰ ਕਰ ਸਕਦੇ ਹਾਂ। ਅਸੀਂ ਉਸੇ ਨੂੰ ਅਧਾਰ ਬਣਾ ਕੇ ਕਿਸੇ ਨਾਲ ਠੋਸ ਗੱਲ ਕਰ ਸਕਦੇ ਹਾਂ। ਇਸ ਵਾਸਤੇ ਜ਼ਰੂਰੀ ਹੈ ਕਿ ਪੰਥ ਨਾਮਧਾਰੀ ਇਹ ਮਨ ਵਿਚ ਵਸਾਏ ਕਿ ਕਿਸੇ ਹੋਰ ਥਾਂ ਤੇ ਭਟਕਣਾ ਨਹੀਂ ਸਗੋਂ ਸਤਿਗੁਰੂ ਰਾਮ ਸਿੰਘ ਜੀ ਦੇ 1863 ਈ. ਵਿਚ ਲਿਖੇ ਰਹਿਤਨਾਮੇ ਦੇ ਇਹ ਸ਼ਬਦ ਯਾਦ ਰਖਣੇ ਹਨ :

"ਖੌਫ ਰੱਖਣਾ ਗੁਰੂ ਦਾ ਹਰ ਦਮ।"

ਅਤੇ ਇਹ ਰਹਿਤਨਾਮਾ 'ਸੰਬੂਹ ਖਾਲਸਾ ਜੀ ਭੈਣੀ ਦੇ' ਲਈ ਲਿਖਿਆ ਗਿਆ ਹੈ। ਇਹੀ ਖਾਲਸਾ ਨਾਮਧਾਰੀ ਪੰਥ ਹੈ।

**–ਤਾਰਾ ਸਿੰਘ ਅਨਜਾਣ**

# मानसिक बिमारियां दूर कर सकता है संगीत

जर्मनी में राटमैन रिसर्च इंस्टीट्यूट के वैज्ञानिकों ने अपने शोध में पाया है कि संगीत का मस्तिष्क पर सीधा प्रभाव पड़ता है। इस शोध से यह जानकारी भी मिली है कि संगीत सुनने के शौकीन और जानने वाले लोग अपेक्षाकृत अधिक क्रियाशील होते हैं। अब वैज्ञानिक इस बात पर भी शोध कर रहे हैं कि किस प्रकार संगीत से मानसिक बिमारियां दूर की जा सकती हैं। वैसे भारत में भी इस दिशा में कुछ प्रयास हुए हैं। पिछली मिस्टिक इंडिया प्रदर्शनी में एक विशेषज्ञ ने कई बिमारियों के ईलाज हेतू कई तरह के कैसेट तैयार किये थे उनका दावा था कि उन कैसेटों को नियमित समय पर सुनने से उक्त बिमारियां दूर हो सकती हैं।

PARVACHAN

SRI SATGURU JAGJIT SINGH JI

# SEND YOUR KIDS TO JAP PARYOG ANNUALLY

*Encourage your children to visit Jap Paryog at Sri Bhaini Sahib. They can come for ten days, fifteen days and take their own turns. They will find out what it exactly involves to arise in the early morning. You should guide your young ones to visit Jap Paryog where they will definitely learn something about the procedure to purify themselves after using toilet facilities. They will come to know how to do sakesh ashnan and Naam Simran. Some of you who have been to America, Canada, earn some money, you bring it over and spend it in your country. Similarly when you go to Jap Paryog, you earn the wealth of Naam Simran. You should preserve it and spend it when you need it. -Translated by JSH*



# SANT BALDEV SINGH KALSI (MUMBAI) LEFT FOR HIS HEAVENLY ABODE



**Sant Baldev Singh Kalsi,** (s/o late Sant Bachan Singh Kalsi and Bibi Dilip Kaur of Mumbai), passed away on Wednesday, October 21, 2015, at his home in Vile Parle West, Mumbai. His passing was peaceful and painless. His funeral was held on 22nd October 2015, in Vile Parle, Mumbai.

The Kalsi family are a devout Namdhari Family with blessings of Sri Satguru Jagjit Singh Ji and Sri Satguru Uday Singh Ji. Satguru Jagjit Singh Ji blessed Kalsi Houseduring a number of visits to Mumbai.

Baldev Singh was 65. He was born on August 4, 1951 in Gadrian, District Gurdaspur, Punjab having one sister (Bhaghwant Kaur), and four brothers (Jasbir Singh, Jagdish Singh, Avtar Singh and Amrik Singh). The family settled in Bombay.

After his earlier schooling, he did his higher education at Sitaram Prakash High School in Bombay. In 1977 Baldev Singh joined Gulf Air in Bahrain and eventually attained the position of Senior Engineer as prophesied by Satguru Jagjit Singh Ji. During Satguru Ji's visit to Kenya in 1979, Baldev Singh married Smt. Ravinder Kaur (d/o late Sant Bachan Singh and Harjit Kaur Bhuller). They had 2 children, daughter Taranjit Kaur and son Narindar Singh. He served as a member of the Gulf Air Team both in Bahrain and India, until his retirement in 2013.

His entire life was devoted to Satguru Ji. He was a popular figure in Sri Bhaini Sahib, where he was regular participant in Jap Paryog and other congregations. In 2015, Baldev Singh stayed in Sri Bhaini Sahib for the entire duration of Jap Prayog. Leaving Sri Bhaini Sahib on 20th October, the family arrived back home in Mumbai around 2.30pm on October 21. Sant Baldev Singh shortly after breathed his last. A Sadharan Paath was commenced the next day at the residence.

As per the wishes of Satguru Uday Singh Ji, a memorial service was held on Friday October 30, during which Naam Simran and ceremonial closing of Sadharan Paath of Sri Adi Guru Granth Sahib Ji was performed. Bibi Gursharan Kaur Ji was also present on this occasion. This was followed by a tribute in the form of a deewan by Jatherdar Kamal Singh. He was supported by Lakhwinder Singh, Gurdeep Singh, Jaspal Singh Kalsi and Bidhi Singh. Suba Avtar Singh (Batala Distt Gurdaspur) also paid his tributes.

Sant Baldev Singh Kalsi will be greatly missed by his immediate family, wife Ravindar Kaur, the children Taranjit Kaur & Narindar Singh and Son-in-law Raj Java, Namdhari Sangat Mumbai, numerous friends in India and abroad, and relatives in Canada, UK and Kenya. **-S. S. Bhuller.**


SATJUG

ESTABLISHED IN 1920

DISCOURSE

SATGURU PARTAP SINGH JI

# BABA BUDHA SINGH JI



Budha Singh Said, "Nothing unusual happened. It was all the will of the Lord. The Lord first ordered them to lift my bundles, then He asked me to check them, thereafter He got me beaten by them."

He did not blame any body, because he saw the glimpse of the Almighty Lord in them too.

Budha Singh had thus attained such spiritual heights that for him the agony & comfort were alike. He believed all these to be due to the will of the Lord.

Budha Singh had no son. He prayed to Satguru Hari Singh with whose blessings he got a son named Harnam Singh. The mother Indee and her son Harnam Singh are still alive. Budha Singh was sitting in the kitchen near the fire place. He took hold of his a year old son and put him in the fire place. The mother who was close by, pulled her son out. On the fire place, *Karaha Parshad* (Pudding) was being prepared. Budha Singh put his hand in the Parshad and said, "let the heat of the fire dare to burn my hand."

Such was the state of mind of Budha Singh. He saw only the Almighty Lord present every where. Just as prehlad had faith in Almighty Lord's presence every where. That is why he was protected. This is the Divine knowledge. Anybody who has mastered this knowledge, sees the glimpse of Almighty Lord in everything. That is the reason even the fire can not harm such a person. This knowledge is superb. Ordinary human beings can not even dream of it.

**Transliteration by Sant Singh**

## MATRIMONIALS

**Alliance invited for Namdhari boy, 35, 5 feet 6 inches, own business.**

**Contact: 09891571182 Post Box: 989**

❖❖❖

**Suitable match required for Namdhari (widow) girl, 29, 5 feet 3 inches, B.Com, B.Ed.**

**Contact: 08527512731, 9711660839 Post Box: 990**

**Email : jsinghj123@gmail.com**

**SATJUG**

**Namdhari Gurdwara Ramesh Nagar, New Delhi-15**

**e-mail : satjugweekly@gmail.com**

**satjugweekly@hotmail.com**

*SATJUG welcomes views of all readers to express their feelings, emotions and sentiments in English on various topics such as Religion, Meditation, Music, Vegetarianism, Healthcare, Absention from Alcohol, Social activities and Sports. -Editor*

**ਦੂਸਰੀ ਪ੍ਰਕਾਸ਼ ਸ਼ਤਾਬਦੀ ਉਤੇ ਬੱਚਿਆਂ ਲਈ ਸਾਖੀਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ**

# ਅਨੋਖਾ ਬਾਲ

**✍ ਤਾਰਾ ਸਿੰਘ ਅਨਜਾਣ**

ਬੀਬੀ ਸਦਾ ਕੌਰ ਦੀ ਇੱਛਾ ਹੋਈ ਕਿ ਉਹ ਆਪਣੇ ਲਾਡਲੇ ਨੂੰ ਪੇਕੇ ਲੈ ਕੇ ਜਾਏ। ਉਸ ਦੇ ਪੇਕੇ ਨੰਗਲ ਜ਼ਿਲਾ ਲੁਧਿਆਣਾ ਵਿੱਚ ਹੀ ਸਨ। ਉਸ ਨੇ ਬਾਬਾ ਜੀ ਨੂੰ ਕਿਹਾ, "ਰਾਮ ਧਨ ਬੜਾ ਪਿਆਰਾ ਬੱਚਾ ਹੈ। ਤੁਸਾਂ ਵੇਖਿਆ ਹੈ ਇਹ ਕਦੀ ਨਹੀਂ ਰੋਇਆ। ਹੁਣ ਤਾਂ ਆਪੇ ਉੱਠ ਕੇ ਬੈਠ ਜਾਂਦਾ ਹੈ ਤੇ ਰਿੜ੍ਹਦਾ ਵੀ ਹੈ। ਮੇਰਾ ਜੀਅ ਕਰਦਾ ਹੈ ਮੈਂ ਕੁਝ ਦਿਨ ਪੇਕੀਂ ਜਾ ਆਵਾਂ ਅਗੇ ਤੁਸੀਂ ਜਿਵੇਂ ਕਹੋ।" ਬਾਬਾ ਜੀ ਨੇ ਕਿਹਾ, "ਜੀਅ ਤਾਂ ਪਿਛੋਂ ਮੇਰਾ ਨਹੀਂ ਲਗਣਾ। ਪਰ ਤੂੰ ਜਾ ਆ। ਮੈਂ ਹੀ ਤੈਨੂੰ ਲੈ ਆਵਾਂਗਾ।"

ਮਾਂ-ਪੁੱਤ ਨੰਗਲ ਚਲੇ ਗਏ। ਸਾਰੇ ਪਰਵਾਰ ਨੂੰ ਚਾਅ ਚੜ ਗਿਆ। ਇੱਕ ਕੁੜੀ ਕੁਛੜ ਚੁੱਕੇ, ਦੂਜੀ ਪਿਛੇ ਚੁੱਕਣ ਨੂੰ ਤਿਆਰ। ਬੀਬੀ ਜੀ ਦੀ ਮਾਂ ਕਹਿ, "ਹੈ ਨੀ ਸੱਦਾਂ ਤੇਰਾ ਬਾਲ ਬੜਾ ਅਨੋਖਾ ਹੈ। ਕਦੀ ਰੋਇਆ ਨਹੀਂ, ਰੂੰ ਰੂੰ ਨਹੀਂ ਕਰਦਾ ਸਦਾ ਹਸੂੰ ਹਸੂੰ ਕਰਦਾ ਹੈ। ਹੈ ਵੀ ਬੜਾ ਸੋਹਣਾ"

ਹੋਰ ਵੀ ਔਰਤਾਂ ਆਖਦੀਆਂ। ਬੀਬੀ ਸਦਾ ਕੌਰ ਉਹਨਾਂ ਦੀਆਂ ਗੱਲਾਂ ਸੁਣ ਕੇ ਫੁੱਲੀ ਨਾ ਸਮਾਉਂਦੀ ਤੇ ਕਹਿੰਦੀ, "ਵੇਖਿਓ! ਕਿਤੇ ਨਜ਼ਰ ਨਾ ਲਾ ਦਿਓ, ਫੇਰ ਮੈਨੂੰ ਮਿਰਚਾਂ ਵਾਰ ਕੇ ਸਾੜਨੀਆਂ ਪੈਣਗੀਆਂ ਮੇਰੇ ਲਾਲ ਤੋਂ!"

ਕੁਝ ਦਿਨ ਬਾਅਦ ਬਾਬਾ ਜੱਸਾ ਸਿੰਘ ਜੀ ਲੈਣ ਆ ਗਏ। ਉਹਨਾਂ ਦਾ ਜੀਅ ਜੁ ਨਹੀਂ ਸੀ ਲੱਗਦਾ। ਸਹੁਰੇ ਘਰ ਪ੍ਰਾਹੁਣੇ ਦੀ ਸੇਵਾ ਤਾਂ ਬੜੀ ਹੋਈ ਪਰ ਨਾਨੀ ਦੀ ਨੀਯਤ ਦੋਹਤਰੇ ਨੂੰ ਹੋਰ ਕੋਲ ਰੱਖਣ ਦੀ ਸੀ। ਉਸ ਨੂੰ ਕਿਹਾ, "ਦੇਖ ਭਾਈ! ਥੋਡੀ ਚੀਜ਼ ਹੈ ਥੋਡੇ ਕੋਲ ਹੀ ਰਹਿਣੀ ਹੈ। ਇਹ ਮੰਜੀ ਫੜ ਕੇ ਤੁਰਨ ਲਗ ਪਿਆ ਹੈ। ਪਰ ਮੈਂ ਤਾਂ ਭੇਜੂੰਗੀ ਜਦ ਇਹ ਆਪੇ ਕਦਮ ਪੁੱਟੂਗਾ।"

ਬਾਬਾ ਜੀ ਉਦਾਸ ਹੋ ਗਏ। ਫਿਰ ਉਹਨਾਂ ਵੇਖਿਆ ਰਾਮ ਧਨ ਮੰਜੀ ਤੋਂ ਉਤਰਿਆ। ਉਹ ਹੀਂਹ ਨਾਲ ਪਿਠ ਲਾ ਕੇ ਖਲੋ ਗਿਆ। ਉਹ ਕਈ ਵਾਰ ਆਪੇ ਧਰਤੀ ਤੇ ਬੈਠਾ ਬੈਠਾ ਉਠ ਕੇ ਖਲੋ ਜਾਂਦਾ ਸੀ। ਉਸ ਨੇ ਸੰਭਲ ਸੰਭਲ ਕੇ ਪੰਜ ਕਦਮ ਪੁੱਟੇ। ਵਿਹੜੇ ਵਿੱਚ ਬੈਠੇ ਸਭ ਜੀਆ ਨੇ ਵੇਖਿਆ। ਬਾਬਾ ਜੀ ਬੋਲੇ, "ਲੈ ਬੇਬੇ ਇਸ ਨੇ ਤੇਰੀ ਮਨ ਦੀ ਮੁਰਾਦ ਵੀ ਪੂਰੀ ਕਰ ਦਿੱਤੀ ਹੈ, ਤੁਰ ਕੇ ਵਿਖਾ ਦਿੱਤਾ ਹੈ। ਹੁਣ ਲੈ ਜਾਵਾਂ?"

ਉਹ ਹੱਸ ਕੇ ਕਹਿਣ ਲਗੀ, "ਹਾਂ ਭਾਈ ਇਸ ਨੇ ਤੇਰੀ ਹੀ ਰੱਖੀ ਹੈ ਲੈ ਜਾਹ ਫਿਰ।"

ਬਾਬੇ ਜਾਣਿਆ, 'ਮੇਰਾ ਬੱਚਾ ਅੰਤਰਜਾਮੀ ਨਿਕਲਿਆ। ਇਸ ਨੇ ਮੇਰੇ ਅੰਦਰ ਦੀ ਉਦਾਸੀ ਬੁਝ ਲਈ ਹੈ।

ਬਾਬਾ ਜੀ ਨੂੰ ਰਾਈਆਂ ਤੋਂ ਹੀ ਵੱਸੇ ਦੂਜੇ ਪਿੰਡ ਭੈਣੀ ਆਲੇ ਲੇ ਆਂਦਾ ਸੀ। ਉਹ ਏਥੇ ਹੀ ਸੇਪੀ, ਵਾਹੀ ਖੇਤੀ ਆਦਿ ਕਰਦੇ ਸਨ। ਏਸੇ ਪਿੰਡ ਦਾ ਨਾਂ ਸ੍ਰੀ ਭੈਣੀ ਸਾਹਿਬ ਹੈ।

ਬਾਬਾ ਜੀ ਪੰਜ ਸਾਲਾਂ ਦੇ ਬਾਲ ਨੂੰ ਪੜ੍ਹਨੇ ਪਾਉਣ ਬਾਰੇ ਸੋਚਣ ਵਿਚਾਰਨ ਲੱਗੇ। ਉਹਨਾਂ ਆਪਣੀ ਘਰ ਦੀ ਨਾਲ ਗੱਲ ਕੀਤੀ। ਉਸ ਕਿਹਾ, "ਪੈਤੀਂ ਮੈਂ ਸਿਖਾ ਦੇਂਦੀ ਹਾਂ ਮੈਨੂੰ ਜੋੜ ਜੋੜ ਕੇ ਪੜ੍ਹਨਾ ਵੀ ਆਉਂਦਾ ਹੈ।"

ਉਸ ਨੇ ਰਸੋਈ ਕੋਲ ਕੁਝ ਥਾਂ ਉਤੇ ਸੁਆਹ ਖਲਾਰ ਦੇਣੀ। ਉਸ ਨੇ ਉਸ ਉੱਤੇ ਓ ਤੋਂ ਅੱਖਰ ਲਿਖ ਕੇ ਆਪਣੇ ਚੰਗੇ ਪੁੱਤਰ ਨੂੰ ਲਿਖਣ ਲਈ ਕਹਿਣਾ। ਫਿਰ ਫੱਟੀ ਤੇ ਪੂਰਨੇ ਪਾ ਦੇਣੇ। ਅਨੋਖੇ ਬਾਲਕ ਨੇ ਛੇਤੀ ਹੀ, ਕਾਲੀ ਸਿਆਹੀ ਨਾਲ ਪੈਂਤੀ ਲਿਖ ਕੇ ਬਾਪ ਨੂੰ ਵਿਖਾ ਦਿੱਤੀ। ਉਸ ਨੇ ਖ਼ੁਸ਼ ਹੋਇ ਕੇ ਬਾਲਕ ਨੂੰ ਹਿੱਕ ਨਾਲ ਲਾ ਲਿਆ ਤੇ ਪਿਠ ਥਾਪੜੀ। ਉਹ ਉਸ ਨੂੰ ਉਂਜ ਵੀ ਰਾਮ ਸਿੰਘ ਕਹਿਣ ਲੱਗ ਪਏ ਸਨ।

ਕੁਝ ਵੱਡੇ ਹੋਏ ਤਾਂ ਉਹਨਾਂ ਪੜ੍ਹਨ ਲਈ ਬਿਲਸੇ ਜ਼ਿਲ੍ਹਾ ਜਲੰਧਰ ਭੇਜ ਦਿਤਾ। ਉਥੇ ਇਕ ਸਾਧਾ ਦਾ ਡੇਰਾ ਸੀ। ਜਿਥੇ ਪੰਜਾਬੀ ਭਾਸ਼ਾ ਵੀ ਪੜ੍ਹਾਈ ਜਾਂਦੀ ਸੀ। ਧਾਰਮਿਕ ਸਾਖੀਆਂ ਵੀ ਸੁਣਾਈਆ ਜਾਂਦੀਆਂ ਸਨ ਅਤੇ ਮਨ ਬਿਰਤੀ ਇਕਾਗਰ ਕਰਨ ਦੀ ਜਾਚ ਵੀ ਦੱਸੀ ਜਾਂਦੀ ਸੀ। ਰਾਮ ਸਿੰਘ ਲਈ ਕੁਝ ਵੀ ਨਵਾਂ ਨਹੀਂ ਸੀ, ਅੱਖਰ ਗਿਆਨ ਅਤੇ ਸਾਖੀਆਂ ਉਸ ਮਾਂ ਕੋਲੋਂ ਸਿੱਖ ਲਈਆਂ ਸਨ ਤੇ ਬਿਰਤੀ ਲਾਉਣੀ ਉਸ ਨੂੰ ਪਰਮਾਤਮਾ ਨੇ ਧੁਰੋਂ ਦਿਤੀ ਸੀ। ਸੋ ਉਹ ਮਹੀਨੇ ਕੁ ਬਾਅਦ ਹੀ ਵਾਪਸ ਭੇਜ ਦਿੱਤਾ ਗਿਆ। ਉਸ ਨੇ ਆਪਣੇ ਛੋਟੇ ਭਰਾ ਬੁਧ ਸਿੰਘ ਨੂੰ ਦੱਸਿਆ ਕਿ ਉਹ ਬਾਪ ਦੇ ਕਿਹਾਂ ਸੈਰ ਕਰਨ ਗਏ ਸਨ ਸੋ ਕਰ ਆਏ ਹਨ।

ਬਿਲਗੇ ਡੇਰੇ ਦੇ ਮਹੰਤ ਨੇ ਬਾਬਾ ਜੀ ਨੂੰ ਕਿਹਾ, "ਇਹ ਕੋਈ ਆਮ ਬਾਲਕ ਨਹੀਂ ਵ੍ਹੇਲੀਆਂ ਬੁਧੀ ਦਾ ਮਾਲਕ ਹੈ। ਇਹ ਸਮਝ ਕਿ ਰੱਬ ਨੇ ਆਪ ਤੇਰਾ ਘਰ ਭਰਿਆ ਹੈ।"

ਉਸ ਨੂੰ ੮ ਕੁ ਵਰ੍ਹੇ ਦੇ ਨੂੰ ਜਦ ਮਾਂ-ਬਾਪ ਨੇ ਡੰਗਰਾਂ ਦਾ ਛੇੜੂ ਬਣਾ ਦਿਤਾ ਤਾਂ ਉਹ ਸੋਟੀ ਲੈ ਕੇ ਡੰਗਰ ਨਾ ਮੋੜਦਾ। ਉਸ ਨੇ ਇੱਕ ਰੱਸੀ ਨੂੰ ਗੰਢਾਂ ਮਾਰ ਕੇ ਤੇ ਇੱਕ ਵੱਡੀ ਗੰਢ ਮਾਰ ਕੇ ਮਾਲਾ ਜਿਹੀ ਬਣਾ ਲਈ ਸੀ। ਉਹ ਬਾਹਰ ਪਸੂ ਛੱਡ ਕੇ ਇਕਾਂਤ ਜਿਹਾ ਥਾਂ ਵੇਖ ਕੇ ਚੌਕੜਾ ਮਾਰ ਕੇ ਬੈਠ ਜਾਂਦਾ। ਉਹ ਅੱਖਾਂ ਮੁੰਦ ਲੈਂਦਾ। ਨਾਲ ਦੇ ਵਾਗੀ ਵੇਖਦੇ ਉਸ ਦੇ ਬੁੱਲ੍ਹ ਫਰਕਦੇ ਸਨ। ਉਹ ਹੈਰਾਨ ਹੁੰਦੇ ਸਨ। ਫਿਰ ਉਹ ਉਹਨਾਂ ਨੂੰ ਵੀ ਕਈ ਵਾਰ ਨਾਲ ਬਿਠਾ ਲੈਂਦਾ ਤੇ ਕਹਿੰਦਾ, 'ਭਜਨ ਕਰੋ'। ਉਹ ਆਖੇ ਲੱਗ ਜਾਂਦੇ।

ਕਈ ਵਾਰ ਰਾਮ ਸਿੰਘ, ਹੱਥ ਫੜੇ ਸੋਟੇ ਉੱਤੇ ਰੰਬਾ ਮਾਰਦਾ, ਕੁਝ ਗਾਉਂਦਾ। ਵਾਗੀਆਂ ਨੂੰ ਸਮਝ ਤਾਂ ਘੱਟ ਆਉਂਦਾ ਪਰ ਕਹਿੰਦੇ, 'ਕੋਈ ਗੰਦਾ ਗੌਣ ਨਹੀਂ ਗੌਂਦਾ। ਪ੍ਰਭੂ ਦੀ ਗੱਲ ਕਰਦਾ ਹੈ। ਇਸ ਅਨੋਖੇ ਬਾਲ ਦੀ ਚਰਚਾ ਪਿੰਡ ਤੇ ਪਿੰਡੋਂ ਬਾਹਰ ਵੀ ਫੈਲਣ ਲੱਗੀ। ਬਾਬਾ ਜੱਸਾ ਸਿੰਘ ਵੀ ਹੁਣ ਜੱਸਾ ਤਖਾਣ ਨਹੀਂ ਸੀ, ਸਭ ਲਈ ਕਰਮਾ ਵਾਲਾ ਬਾਬਾ ਸੀ।■

# ਚਰਨ ਸੀਚੇਵਾਲਵੀ ਦੀਆਂ ਚੋਣਵੀਆਂ ਗ਼ਜ਼ਲਾਂ – "ਘੜੀਐ ਸਬਦੁ ਸਚੀ ਟਕਸਾਲ"

**✍ ਸੁਵਰਨ ਸਿੰਘ ਵਿਰਕ**

*"ਕੋਈ ਮੇਰੀ ਲੱਤ ਖਿੱਚਦਾ ਏ ਕੋਈ ਮੇਰਾ ਖਿੱਚਦਾ ਏ ਮੋਢਾ,*
*ਰੱਬ ਬਚਾਏ ਮੈਨੂੰ ਇਹਨਾਂ ਸੈਕਟਰੀਆਂ, ਪਰਧਾਨਾ ਕੋਲੋਂ।"*

ਪੰਜਾਬੀ ਕਵੀ ਚਰਨ ਸੀਚੇਵਾਲਵੀ ਨੇ ਉਪਰੋਕਤ ਸ਼ੇਅਰ ਵਿਚ, ਆਪਣੀ ਸਟੇਜੀ ਕਵੀ ਵਾਲੀ ਭੂਮਿਕਾ ਦਾ ਬਿਆਨ ਬੜੇ ਯਥਾਰਤਕ ਅਤੇ ਕਲਾਤਮਕ ਢੰਗ ਨਾਲ ਕੀਤਾ ਹੈ। ਪੰਜਾਬੀ ਕਵੀ ਦਰਬਾਰਾਂ ਦਾ ਅੱਜ ਕੱਲ੍ਹ ਦਾ ਜਲੌਅ ਕੁਝ ਇਸ ਤਰ੍ਹਾਂ ਦਾ ਹੈ ਕਿ ਖਾਸ ਥਾਵਾਂ ਜਾਂ ਮੇਲੇ ਮੁਨਾਹਬਿਆਂ ਨੂੰ ਛੱਡ ਕੇ, ਸਰੋਤਿਆ ਨਾਲੋਂ ਕਵੀਆਂ ਦੀ ਗਿਣਤੀ ਵੱਧ ਹੁੰਦੀ ਹੈ। ਅਜਿਹੇ ਸਮੇਂ ਸਭ ਨੂੰ ਭੁਗਤਾਉਣ ਵਾਲੀ ਪ੍ਰਬੰਧਕਾਂ ਦੀ ਮਜ਼ਬੂਰੀ ਦੇ ਸਨਮੁੱਖ, ਭੁਗਤ ਭੋਗੀ ਕਵੀ ਆਪਣੀ ਸਿਥਤੀ ਬਿਆਨ ਕਰ ਰਿਹਾ ਹੈ। ਉਪਰੋਕਤ ਸ਼ੇਅਰ ਉਹਨਾਂ ਦੇ ਪਿਛੇ ਜਿਹੇ ਛਪੇ, ਚੌਣਵੀਆਂ ਗਜ਼ਲਾਂ ਦੇ ਸੰਗ੍ਰਹਿ "ਘੜੀਐ" ਸਬਦੁ ਸਚੀ ਟਕਸਾਲ" ਵਿਚੋਂ ਲਿਆ ਗਿਆ ਹੈ ਜੋ ਉਹਨਾਂ ਦਾ ਹੁਣ ਤੱਕ ਦਾ ਦਸਵਾਂ ਕਾਵਿ-ਸੰਗ੍ਰਹਿ ਗਿਣਿਆਂ ਜਾਏਗਾ। ਪਹਿਲਾ ਤਾਂ ਘਰ ਦੀਆਂ ਤੰਗੀਆਂ ਤੁਰਸੀਆਂ ਕੱਟਦਿਆਂ ਆਮ ਆਦਮੀ ਕਦੇ ਕਦੇ ਹੀ ਕਵਿਤਾ ਦੇ ਰੂਬਰੂ ਹੁੰਦਾ ਹੈ ਤੇ ਜੇ ਫਿਰ ਰੱਬ ਸੰਬੰਧੀ ਉਹ ਕਿਸੇ ਸੰਗ੍ਰਹਿ ਜੋਗੀਆਂ ਕਵਿਤਾਵਾਂ ਲਿਖ ਲਵੇ ਤਾਂ ਫਿਰ ਇਹਨਾਂ ਨੂੰ ਛਪਵਾਉਣ ਦਾ ਰੂਲਾ ਕਿਵੇਂ ਫੱਕੇ? ਇਸੇ ਲਈ ਚਰਨ ਹੋਰੀ ਲਿਖਦੇ ਹਨ :

*"ਆਪਣੀ ਗਰਦਨ ਫਿਰ ਮੈਨੂੰ ਕਟਵਾਉਣੀ ਪਈ।*
*ਆਪਣੀ ਪੁਸਤਕ ਫਿਰ ਮੈਨੂੰ ਛਪਵਾਉਣੀ ਪਈ।" (ਸਫਾ 33)*

ਇਸ ਵਡਮੁੱਖੀ ਕਾਵਿ ਕਿਤਾਬ ਵਾਸਤੇ ਤਾਂ ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਸੱਥ ਲਾਂਬੜਾ ਇਹ ਦੋ ਅਦਾਰੇ ਸਹਾਈ ਹੋਏ ਹਨ। ਪਰ ਹੁਣ ਤੱਕ ਨੌਂ ਕਵਿ ਸੰਗ੍ਰਹਿ ਪਹਿਲਾਂ ਛਪਵਾਉਣ ਵਾਲੇ ਸਾਡੇ ਕਵੀ ਨੂੰ ਉਹਨਾਂ ਸਫ਼ਰਾਂ ਦੀਆਂ ਬਾਰੀਕੀਆਂ ਦਾ ਗਿਆਨ ਹੈ ਜਿਹੜੇ ਤਹਿ ਕਰਕੇ,ਕਵੀ ਦੀ ਰਚਨਾਂ ਪਾਠਕਾਂ ਦੇ ਹੱਥਾ ਵਿਚ ਪੁਜਦੀ ਹੈ। ਇਹ ਸ਼ਾਇਦ ਕਵਿਤਾ ਦਾ ਇਸ਼ਕ ਹੈ, ਜਿਸਦਾ ਸਿਲਾ, ਕਵੀ ਦੇ ਇਸ ਸ਼ੇਅਰ ਦੇ ਰੂਪ ਵਿਚ ਮਿਲਿਆ ਹੈ:

*"ਵੇਖਾ ਦੁਨੀਆਂ ਕਿਥੇ ਦੀ ਕਿਥੇ ਗਈ,*
*ਤੂੰ ਚਰਨ ਓਥੇ ਦਾ ਉਥੇ ਹੀ ਰਿਹਾ।"*

ਪਰੰਤੂ ਕਵੀ ਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਬੇਸ਼ਕ ਉਹ ਆਪਣੇ ਸ਼ਬਦਾਂ ਦੁਆਰਾ ਉੜਿਆਂ ਥੁੜਿਆਂ ਦੇ ਜ਼ਖਮਾਂ ਤੇ ਫਹੇ ਧਰਦਾ ਰਹਿਦਾ ਹੈ, ਪਰ ਇਸ ਕਾਵਿ ਕਰਮ ਦਾ ਪ੍ਰਤੀਫਲ ਉਸ ਨੂੰ ਪਦਾਰਥਕ ਲਾਭ ਦੇ ਰੂਪ ਵਿਚ ਨਹੀਂ ਹੁੰਦਾ। ਸ਼ਬਦ ਸ਼ਿਲਪੀ, ਕਵੀ ਤਾਂ ਰੁੱਖਾਂ ਜਿਹੇ ਹੁੰਦੇ ਹਨ:

*"ਰੁੱਖ ਤਾ ਸਭ ਨੂੰ ਛਾਂ ਦਿਦਾ ਪਰ*
*ਰੁੱਖ ਨੂੰ ਆਪਣੀ ਛਾਂ ਨਹੀਂ ਮਿਲਦੀ*
*ਐਸੇ 'ਚਨਨ' ਬਰਫ਼ 'ਚ ਲੱਗੇ*
*ਧੁੱਪ ਸੇਕਣ ਨੂੰ ਥਾ ਨਹੀਂ ਮਿਲਦੀ।" (ਸਫਾ 88)*

ਇਸ ਰਚਨਾ ਵਿਚੋਂ ਜਿਥੇ ਸਮਕਾਲੀ ਸਰੋਕਰਾਂ ਦੀ ਦੱਸ ਪੈਂਦੀ ਹੈ, ਉਥੇ ਕਵੀ ਆਪਣੀਆਂ ਖੁਸ਼ੀਆਂ ਗਮੀਆਂ ਵੀ ਸਾਂਝੀਆਂ ਕਰਦਾ ਹੈ। ਸੰਨ 2009 ਵਿਚ ਕਵੀ ਦੀ ਜੀਵਨ ਸਾਥਣ ਬੀਬੀ ਮਹਿੰਦਰ ਕੌਰ ਚਲ ਵੱਸੇ। ਕਵੀ ਨੂੰ ਇਉਂ ਅਹਿਸਾਸ ਹੋਇਆ :

*"ਜਿਸਦੇ ਸਿਰ ਤੇ ਸਾਰੇ ਘਰ ਦੀ ਛੱਤ ਖੜੀ ਸੀ,*
*ਖਿਸਕ ਗਈ ਉਸ ਹੇਠੋਂ ਥੰਮੀ ਕਿਸ ਦੇਣੀ।" (ਸਫਾ 103)*

ਅੱਜ ਜਦੋਂ ਪੰਜਾਬ ਵਿਚ ਦੇਸ਼ ਭਰ ਵਿਚੋਂ ਸਭ ਤੋਂ ਵੱਧ, ਲਿੰਗ ਅਨੁਪਾਤ ਵਿਗੜ ਚੁੱਕਿਆ ਹੈ। ਕੰਨਿਆ ਭਰੂਣ ਹੱਤਿਆ, ਸਰਕਾਰੀ ਦਾਅਵਿਆਂ ਦਾ ਮੂੰਹ ਚਿੜਾ ਕੇ ਵੀ ਕੀਤੀ ਜਾ ਰਹੀ ਹੈ।ਇਸ ਦਾ ਕਾਰਨ ਸਾਡੀ ਮਾਨ ਸਿਕਤਾ ਵਿਚ ਘਰ ਦਾ ਵਾਰਿਸ ਲੜਕੇ ਨੂੰ ਹੀ ਸਮਝਿਆਂ ਜਾਂਦਾ ਹੈ ਸੀਚੇਵਾਲਵੀ ਜੀ ਦੀਆਂ ਸੰਤਾਨ ਵਜੋਂ ਚਾਰ ਪੁੱਤਰੀਆਂ ਹੀ ਹਨ। ਉਹਨਾਂ ਦਾ ਬਿਆਨ ਦਿਲ ਦੀਆਂ ਗਹਿਰਾਈਆਂ ਵਿਚੋਂ ਨਿਕਲਿਆ ਹੋਣ ਕਰਕੇ ਪੁਰ ਅਸਰ ਵੀ ਹੈ :

*ਜਦ ਵੀ ਗ਼ਮ ਦੀ ਬੱਦਲੀ ਛਾਈ ਚਹੁੰ ਧੀਆਂ ਨੇ।*
*ਆ ਖੁਸ਼ੀਆਂ ਦੀ ਕਿਣਮਿਣ ਲਾਈ ਚਹੁੰ ਧੀਆਂ ਨੇ।*
*ਪੁੱਤਰਾਂ ਨਾਲੋਂ ਘੱਟ ਹੁੰਦੀਆਂ ਨੇ ਧੀਆਂ ਕਿਹੜੀ ਗੱਲੋਂ,*
*ਇਹ ਗੱਲ ਕਰਕੇ ਸੱਚ ਵਿਖਾਈ ਚਹੁੰ ਧੀਆਂ ਨੇ*
*ਜਿੰਨੀ ਮੈਨੂੰ ਗੁਰਬਤ ਦਿਤੀ ਹੱਸ ਕੇ ਮੇਰੇ ਮੌਲਾ,*
*ਹੱਸ ਕੇ ਉਨੀ ਨਾਲ ਹੰਢਾਈ ਚਹੁੰ ਧੀਆਂ ਨੇ।*
*........*
*ਪੁੱਤਰ ਹੁੰਦੇ ਖ਼ਬਰੇ ਏਨੀ ਬਣਦੀ ਕਿ ਨਾਂ ਬਣਦੀ*
*ਜਿਹੜੀ ਮੇਰੀ ਭੱਲ ਬਣਾਈ ਚਹੁੰ ਧੀਆਂ ਨੇ।" (ਸਫਾ 104)*

ਇਹਨਾਂ ਗ਼ਜ਼ਲਾਂ ਵਿਚ ਪੰਜਾਬ ਦੇ ਜੀਵੰਤ ਇਤਿਹਾਸ ਦੀ ਪੇਸ਼ਕਾਰੀ ਵੀ ਸੁਚੱਜੇ ਢੰਗ ਨਾਲ ਕੀਤੀ ਗਈ ਹੈ।

ਲੁਧਿਆਣਾ ਦੇ ਤੱਤ ਕਾਲੀਨ ਡਿਪਟੀ ਕਮਿਸ਼ਨਰ ਕਾਵਨ ਦੇ, ਮਲੇਰ ਕੋਟਲੇ ਦੇ ਰੱਕੜ ਵਿਚ, ਭਾਈ ਵਰਿਆਮ ਸਿੰਘ ਕੂਕਾ ਸ਼ਹੀਦ ਨਾਲ ਹੋਏ ਬਚਨ ਬਿਲਾਸ ਵੀ ਇਕ ਗਜ਼ਲ ਵਿਚ ਪਰੋਏ ਹਨ। ਕਿਉਂਕਿ ਭਾਈ ਵਰਿਆਮ ਸਿੰਘ ਮਹਿਰਾਜ ਪਿੰਡ ਵਿਚੋਂ, ਮਹਾਰਾਜਾ ਪਟਿਆਲਾ ਦੇ ਸ਼ਰੀਕੇ ਭਾਈਚਾਰੇ ਵਿਚੋਂ ਸੀ, ਇਕ ਵੇਰ ਉਸ ਨੂੰ ਮਧਰਾ ਕੱਦ ਹੋਣ ਕਰਕੇ, ਛੱਡ ਦੇਣ ਦਾ ਹੁਕਮ ਹੋਇਆ। ਫਿਰ ਉਹ ਵਾਹਣ ਦੀਆਂ ਢੀਮਾ ਜੋੜ ਕੇ ਤੋਪ ਅੱਗੇ ਆਪ ਖਲੋ ਗਿਆ–

*"ਹੋਣਾ ਦੋਹਾਂ ਦਾ ਨਾਮ ਹੈ ਇਕ ਨਾ ਇਕ ਦਿਨ ਉਜਾਗਰ।*
*ਮੈਨੂੰ ਸ਼ਹੀਦ ਕਹਿਣਾ ਤੈਨੂੰ ਪਰ ਕਹਿਣਾ ਜਾਬਰ।*
*.....ਲੈ ਆ ਇਕੱਠੀਆਂ ਕਰਕੇ ਜਿੰਨੀਆਂ ਤੂੰ ਮਰਜੀ ਤੋਪਾਂ।*
*ਮੁੱਕਣੀ ਨਹੀਂ ਕੂਕਿਆਂ ਦੀ ਪਰ ਕੌਮ ਇਹ ਬਹਾਦਰ।*
*ਦੇ ਹੁਕਮ ਹੁਣ ਤੋਪਚੀ ਨੂੰ ਬਿੱਲਿਆ,*
*ਕੱਦ ਹੋ ਗਿਆ ਏ ਮੇਰਾ ਹੁਣ ਤੋਪ ਦੇ ਬਰਾਬਰ। (ਸਫਾ 71)*

ਪੰਜਾਬ ਦੇ ਕਾਲੇ ਦੌਰ ਦੀ ਦਾਸਤਾਨ ਵੀ ਸੀਚੇਵਾਲੀਆਂ ਜੀ ਦੀਆਂ ਗਜ਼ਲਾਂ ਵਿਚ, ਅੱਥਰੂਆ ਅਤੇ ਅੰਗਿਆਰਾ ਨਾਲ ਲਿਖੀ ਗਈ ਹੈ। ਉਹ ਇਸ ਦੌਰ ਦੇ ਮੁਜਰਿਆਂ ਦੀ ਵੀ ਨਿਸ਼ਾਨ ਦੇਹੀ ਕਰਦੇ ਹਨ। ਮੁਜਰਿਮ ਤਾਂ ਮੁਜਰਿਮ ਹੀ ਹੁੰਦਾ ਹੈ ਭਾਵੇਂ ਉਹ ਹਾਕਮ ਹੋਵੇ ਤੇ ਭਾਵੇ ਮਹਿਕੂਮ ਹੋਵੇ। ਸੌੜੀ ਸਿਆਸਤ ਮਨੁੱਖਾਂ ਵਿਚ ਵੰਡੀਆਂ ਪਾਉਂਦੀ ਹੈ। ਸਿਆਸਤਦਾਨ ਨੂੰ ਸਿਰਫ ਕੁਰਸੀ ਚਾਹੀਦੀ ਹੈ। ਅਪਰਾਧੀ ਤੱਤ ਲੋਕਾਂ ਦੀ ਮੁਸੀਬਤ ਵਿਚੋਂ ਵੀ ਪੈਸਾ ਬਨਾਉਣਾ ਚਾਹੁੰਦਾ ਹੈ। ਕਵੀ ਨੂੰ ਲੱਗਦਾ ਹੈ ਕਿ ਇਸ ਮਾਹੌਲ ਵਿਚ ਤਾਂ ਉਸਦੀ ਕਵਿਤਾ ਵੀ ਸ਼ਾਇਦ ਅਪਰਸੀਗਕ ਹੋ ਗਈ ਹੈ–

*"ਮੈਂ ਚਾਹਵਾਂ ਇਸ ਧਰਤ 'ਤੇ ਬੀਜ ਦਿਆਂ ਕੁਝ ਗੀਤ*
*ਪਰ ਉਹ ਚਾਹਵੇ ਬੀਜਣੀ ਗੰਧਕ ਅਤੇ ਸੰਗੀਨ।*
*ਕਵਿਤਾ ਨਾਲੋਂ ਇਨ੍ਹਾਂ ਨੂੰ ਪਾ ਤੂੜੀ ਦੀ ਮੁੱਠ,*
*ਮੱਝਾਂ ਅੱਗੇ ਕਾਸਨੂੰ ਫਿਰੇਂ ਵਜਾਉਂਦਾ ਬੀਨ। (ਸਫਾ 56)*

ਪੰਜਾਬ ਦੇ ਸੁੱਕ ਰਹੇ ਦਰਿਆ, ਪੌਣ ਪਾਣੀ ਧਰਤ ਦਾ ਪਰਦੂਸ਼ਤ ਹੋਣਾ, ਮਾਰੂ ਰੋਗਾਂ ਨੂੰ ਸੱਦਾ ਦੇ ਰਿਹਾ ਹੈ।ਕਵੀ ਪਰਿਆਵਰਣ ਪ੍ਰਤੀ ਬਹੁਤ ਸੁਚੇਤ ਹੈ। ਪਰਿਆਵਰਣ ਪ੍ਰੇਮ ਤਾਂ ਸਾਰੇ ਸੀਚੇਵਾਲੀਆਂ ਦੀ ਵਿਰਾਸਤ ਬਣ ਗਿਆ ਹੈ।ਇਸ ਪਰਥਾਇ ਕੁਝ ਸ਼ੇਅਰ ਪੇਸ਼ ਹਨ :

ਕੱਲ੍ਹ ਜੋ ਮੇਰੇ ਸਿਰ ਤੋਂ ਉਚਾ ਵਗਦਾ ਸੀ,
ਪਤਾ ਨਹੀਂ ਉਹ ਸਤਲੁਜ ਕਿੱਥੇ ਜ਼ੀਰ ਗਿਆ। (ਸਫਾ 52) ■

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ



**ਹਫਤਾਵਾਰੀ ਸਮਾਗਮ ਸਮੇਂ ਬੱਚੇ ਦਿਵਾਨ ਸਜਾਉਂਦੇ ਹੋਏ।**

● **ਲੁਧਿਆਣਾ 20 ਸਤੰਬਰ, 2015**–ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸੰਤ ਭਗਵੰਤ ਸਿੰਘ (ਪ੍ਰਤਾਪ ਨਗਰ) ਅਤੇ ਪਰਿਵਾਰ ਵਲੋਂ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਕਰਵਾਏ ਗਏ ਅੱਜ ਦੇ ਹਫਤਾਰੀ ਸਮਾਗਮ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਸੰਤ ਸੁਖਵਿੰਦਰ ਸਿੰਘ, ਜਥੇਦਾਰ ਜਸਬੀਰ ਸਿੰਘ ਅਤੇ ਜਥੇ ਵਲੋਂ ਢੋਲਕੀ ਛੈਣਿਆਂ ਨਾਲ ਵਾਰੇ ਦੇ ਰੂਪ ਵਿਚ ਕੀਤਾ ਗਿਆ। ਛੋਟੇ ਬੱਚਿਆਂ ਵਲੋਂ ਦਿਵਾਨ ਸਜਾਇਆ ਗਿਆ ਉਪਰੰਤ 2 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਮੇਲੇ ਵਾਲਿਆਂ ਵਲੋਂ।

1 ਪਾਠ ਕਾਕਾ ਬਲਦੇਵ ਸਿੰਘ ਦੀ ਤੰਦਰੁਸਤੀ ਲਈ ਸੰਤ ਬਲਬੀਰ ਸਿੰਘ ਵਲੋਂ।

150 ਪਾਠ ਚੌਪਈ ਸਾਹਿਬ ਦੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਸਾਧ ਸੰਗਤ ਵਲੋਂ।

13 ਪਾਠ ਸੁਖਮਨੀ ਸਾਹਿਬ ਦੇ ਬੀਬੀ ਕੁਲਵੰਤ ਕੌਰ ਲਾਇਲ ਵਲੋਂ ਸ੍ਰੀ ਸਤਿਗੁਰੂ ਜੀ ਦੀ ਚੜ੍ਹਦੀ ਕਲਾ ਲਈ ਕੀਤੇ ਗਏ।

ਗੁਰਦੁਆਰਾ ਅਕਾਲਗੜ੍ਹ ਸਾਹਿਬ (ਪ੍ਰਤਾਪ ਨਗਰ) ਦੇ ਪ੍ਰਧਾਨ ਸ. ਕੁੰਦਨ ਸਿੰਘ ਨੇ ਸਾਧ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਬੜੀ ਖੁਸ਼ੀ ਹੁੰਦੀ ਹੈ ਜਦੋਂ ਛੋਟੇ ਛੋਟੇ ਬੱਚਿਆਂ ਨੂੰ ਕੀਰਤਨ ਕਰਦਿਆਂ, ਪਾਠਾਂ ਦੇ ਭੋਗ ਪਾਉਂਦਿਆਂ ਦੇਖਦੇ ਹਾਂ। ਉਹਨਾਂ ਕਿਹਾ ਕਿ ਜੇ ਕਿਸੇ ਨੇ ਸ਼ਾਸਤਰੀ ਸੰਗੀਤ ਨੂੰ ਸੰਭਾਲਿਆ ਹੈ ਤਾਂ ਉਹ ਨਾਮਧਾਰੀ ਸੰਪ੍ਰਦਾ ਹੀ ਹੈ।

ਸੂਬਾ ਹਰਭਜਨ ਸਿੰਘ ਨੇ ਕਿਹਾ ਕਿ ਇਹ ਬੱਚੇ ਜੋ ਆਪਾਂ ਨੂੰ ਹਰ ਰੋਜ਼ ਕੀਰਤਨ ਸੁਣਾਉਂਦੇ ਹਨ ਇਹਨਾਂ ਤੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ ਤਾਂ ਹੀ ਇਹ ਸਭ ਤੋਂ ਪਹਿਲਾਂ ਆ ਕੇ ਬੈਠੇ ਹੁੰਦੇ ਹਨ ਅਤੇ ਬਾਅਦ ਵਿਚ ਇਹਨਾਂ ਨੇ ਸਕੂਲ, ਕਾਲਜ ਅਤੇ ਆਪਣੋ ਕਾਰੋਬਾਰ ਵਿਚ ਜਾਣਾ ਹੁੰਦਾ ਹੈ।■



**ਲੁਧਿਆਣੇ ਦਾ ਰਾਗੀ ਜਥਾ ਤੰਤੀ ਸਾਜਾਂ ਨਾਲ ਕੀਰਤਨ ਕਰਦਾ ਹੋਇਆ।**

● **ਲੁਧਿਆਣਾ, 4 ਅਕਤੂਬਰ 2015**– ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸੰਤ ਗੁਰਮਿੰਦਰ ਸਿੰਘ, ਸੰਤ ਸਰਬਜੀਤ ਸਿੰਘ ਅਤੇ ਪਰਿਵਾਰ ਵਲੋਂ ਕਰਵਾਏ ਹਤਫਤਾਵਾਰੀ ਸਮਾਗਮ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਜਥੇ ਵਲੋਂ ਤੰਤੀ ਸਾਜਾਂ ਨਾਲ ਕੀਤਾ ਗਿਆ। ਉਪਰੰਤ 3 ਪਾਠਾਂ ਦੇ ਭੋਗ ਪਾਏ ਗਏ।

1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਮੇਲੇ ਵਾਲੇ ਪਰਿਵਾਰ ਵਲੋਂ।

1 ਪਾਠ ਬੀਬੀ ਕੁਲਦੀਪ ਕੌਰ ਵਲੋਂ ਆਪਣੇ ਬੱਚਿਆਂ ਦੀ ਤੰਦਰੁਸਤੀ ਲਈ।

1 ਪਾਠ ਗੁਡੀ ਗਿਆਨ ਕੌਰ ਦੀ ਤੰਦਰੁਸਤੀ ਲਈ ਪਰਿਵਾਰ ਵਲੋਂ।

ਪਾਏ ਗਏ। ਅੱਜ ਵਿਸ਼ੇਸ਼ ਤੌਰ ਤੇ ਆਏ ਸੰਤ ਤਾਰਾ ਸਿੰਘ ਅਨਜਾਣ ਨੇ ਸਾਧ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਮਹੀਨੇ ਸਾਰਾ ਨਾਮਧਾਰੀ ਪੰਥ ਨਾਮ ਸਿਮਰਨ ਕਰ ਰਿਹਾ ਹੈ ਪਰ ਲੁਧਿਆਣੇ ਤੇ ਸ੍ਰੀ ਸਤਿਗੁਰੂ ਜੀ ਦੀ ਵਿਸ਼ੇਸ਼ ਕਿਰਪਾ ਹੈ। ਸ੍ਰੀ ਭੈਣੀ ਸਾਹਿਬ ਦੇ ਨੇੜੇ ਹੋਣ ਕਰਕੇ ਸ੍ਰੀ ਸਤਿਗੁਰੂ ਜੀ ਇਸ ਅੱਸੂ ਦੇ ਮਹੀਨੇ ਵੀ ਲੁਧਿਆਣਾ ਆ ਦਰਸ਼ਨ ਦੇਣ ਦੀ ਕਿਰਪਾ ਕਰ ਦਿੰਦੇ ਹਨ। 29 ਸਤੰਬਰ ਨੂੰ ਸ੍ਰੀ ਸਤਿਗੁਰੂ ਜੀ ਅਚਾਨਕ ਲੁਧਿਆਣਾ ਵਿਚ ਚਲ ਰਹੇ ਜਪ ਪ੍ਰਯੋਗ ਦੌਰਾਨ ਦਰਸ਼ਨ ਦੇ ਕੇ ਸੰਗਤਾਂ ਨੂੰ ਖੁਸ਼ੀਆਂ ਬਖਸ਼ੀਆਂ।

ਉਹਨਾਂ ਕਿਹਾ ਕਿ ਜ਼ਿਆਦਾ ਖੁਸ਼ੀ ਉਦੋਂ ਹੁੰਦੀ ਹੈ ਜਦੋਂ ਅਸੀਂ ਛੋਟੇ ਛੋਟੇ ਬੱਚਿਆਂ ਨੂੰ ਵੱਡੀ ਗਿਣਤੀ ਵਿਚ ਨਾਮ ਜਪਦੇ ਵੇਖਦੇ ਹਾਂ। ਔਰ ਏਥੇ ਦਾ ਸਾਰਾ ਸਟੇਜ ਹੀ ਬੱਚਿਆਂ ਅਤੇ ਬੱਚੀਆਂ ਨਾਲ ਭਰਿਆ ਹੋਇਆ ਹੈ, ਜੋ ਕਿ ਜਥੇ ਨਾਲ ਬੈਠੇ ਛੈਣੇ ਵਜਾਉਂਦੇ ਹਨ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਇਹਨਾਂ ਤੇ ਇਸੇ ਤਰ੍ਹਾਂ ਹੀ ਬਣੀ ਰਹੇ ਆਪਾਂ ਸਭ ਇਹੀ ਅਰਦਾਸ ਕਰੀਏ।

**–ਬਲਵੀਰ ਸਿੰਘ**

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਬੀਬੀ ਸੁਰਿੰਦਰ ਕੌਰ ਨਮਿਤ ਭੋਗ



**ਬੀਬੀ ਸੁਰਿੰਦਰ ਕੌਰ ਨਮਿਤ ਪਾਠ ਦੇ ਭੋਗ ਸਮੇਂ ਕਾਕਾ ਬਸੰਤ ਸਿੰਘ ਪੁੱਤਰ ਰਾਗੀ ਬਲਵੰਤ ਸਿੰਘ ਪੋਤਰਾ ਬੀਬੀ ਸਰਿੰਦਰ ਕੌਰ, ਨੌਵੇਂ ਮਹੱਲੇ ਦੇ ਸਲੋਕ ਪੜ੍ਹਦਾ ਹੋਇਆ ਅਤੇ ਨਾਲ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚੇ।**

ਨਾਮਧਾਰੀ ਪੰਥ ਦੀ ਮਹਾਨ ਹਸਤੀ ਸੰਤ ਪੂਰਨ ਸਿੰਘ ਮੋਰਾਂ ਵਾਲਿਆਂ ਦੀ ਪੁੱਤਰੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਰਾਗੀ ਸਵ: ਮੋਹਨ ਸਿੰਘ ਦੀ ਭੈਣ ਅਤੇ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਬਾਰੀ ਰਾਗੀ ਬਲਵੰਤ ਸਿੰਘ ਦੀ ਮਾਤਾ ਬੀਬੀ ਸੁਰਿੰਦਰ ਕੌਰ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਨਮਿਤ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਮਿਤੀ 3 ਨਵੰਬਰ 2015 ਦਿਨ ਮੰਗਲਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ। ਭੋਗ ਤੋਂ ਪਹਿਲਾਂ ਸੰਤ ਨਿਸ਼ਾਨ ਸਿੰਘ ਅਤੇ ਨਾਮਧਾਰੀ ਪੰਥ ਦੇ ਵਿਦਵਾਨ ਪ੍ਰਚਾਰਕ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਨੇ ਕਥਾ ਵਖਿਆਨ ਕੀਤਾ। ਸੰਤ ਬਲਕਾਰ ਸਿੰਘ ਦੇ ਸ਼ਗਿਰਦ ਅਤੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਵਿਦਿਆਰਥੀ ਬੱਚੇ ਜਿਹਨਾਂ ਦੀ ਅਗਵਾਈ ਬੀਬੀ ਸੁਰਿੰਦਰ ਕੌਰ ਦਾ ਪੋਤਰਾ ਅਤੇ ਰਾਗੀ ਬਲਵੰਤ ਸਿੰਘ ਦਾ ਪੁੱਤਰ ਬਸੰਤ ਸਿੰਘ ਕਰ ਰਿਹਾ ਸੀ। ਛੋਟੇ ਬੱਚਿਆਂ ਨੇ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਅਤੇ ਮਾਸਟਰ ਦਰਸ਼ਨ ਸਿੰਘ ਨੇ ਰਾਮਕਲੀ ਸਦ ਪੜ੍ਹਿਆ। ਅਰਦਾਸ ਨਾਲ ਇਸ ਭੋਗ ਦੀ ਸਮਾਪਤੀ ਹੋਈ, ਰਾਗੀ ਬਲਵੰਤ ਸਿੰਘ ਅਤੇ ਉਸਦੇ ਪਿਤਾ ਸੰਤ ਜੋਗਿੰਦਰ ਸਿੰਘ ਨੇ ਸਮੇਤ ਪਰਿਵਾਰ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸਮੁੱਚੀ ਪਰਿਵਾਰ ਲਈ ਬਖਸ਼ਿਸ਼ਾਂ ਦੀ ਮੰਗ ਕੀਤੀ। ਬੀਬੀ ਸੁਰਿੰਦਰ ਕੌਰ ਦਾ ਸਮੁੱਚਾ ਜੀਵਨ ਗੁਰਸਿੱਖੀ ਆਸ਼ੇ ਅਨੁਸਾਰ ਇਕ ਸਮਰਪਿਤ ਜੀਵਨ ਸੀ। ਜਿਹਨਾਂ ਨੇ ਆਪਣੇ ਸਮੁੱਚੇ ਪਰਿਵਾਰ ਨੂੰ ਗੁਰਸਿੱਖੀ ਨਾਲ ਜੋੜੀ ਰੱਖਿਆ।

**–ਸੂਬਾ ਬਲਵਿੰਦਰ ਸਿੰਘ ਝੱਲ**

# ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਫ੍ਰੈਂਡਲੀ ਕ੍ਰਿਕੇਟ ਮੈਚ

**ਦਿੱਲੀ, 11 ਨਵੰਬਰ 2015:** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ, ਨਾਮਧਾਰੀ ਵਿਦਿਅਕ ਜਥਾ ਦਿੱਲੀ ਜ਼ੋਨ ਵਲੋਂ 20-20 ਕ੍ਰਿਕੇਟ (ਫ੍ਰੈਂਡਲੀ) ਮੈਚ ਖੇਡਿਆ ਗਿਆ। ਪੂਰੀ ਦਿੱਲੀ ਚੋ ਕੁਲ 2 ਟੀਮਾਂ ਬਣਾਈਆਂ ਗਈਆਂ। 1 ਟੀਮ ਚ ਕੁੱਲ 13 ਖਿਡਾਰੀ ਸਨ। ਇਹ ਮੈਚ ਸ਼ਿਵਾਜੀ ਕਾਲੇਜ ਦੇ ਸਪੋਰਟਸ ਕੰਪਲੈਕਸ ਗਰਾਉਂਡ 'ਚ ਖੇਡਿਆ ਗਿਆ। ਦੋਵਾਂ ਕਪਤਾਨਾ ਵਿੱਚ ਬੈਟਿੰਗ, ਫਿਲਡਿੰਗ ਦੀ ਟਾਸ ਸੰਤ ਮੰਗਲਜੀਤ ਸਿੰਘ ਨੇ ਸਿੱਕਾ ਉਛਾਲ ਕੇ ਕੀਤੀ। ਇਹ 20-20 ਕ੍ਰਿਕੇਟ ਫ੍ਰੈਂਡਲੀ ਮੈਚ ਪਰੋਫੈਸ਼ਨਲ ਅਮਪਾਇਰਾਂ ਦੀ ਨਿਗਰਾਨੀ ਹੇਠ ਖੇਡਿਆ ਗਿਆ। ਸਵੇਰੇ 8 ਵਜੇ ਪ੍ਰਧਾਨ ਸਾਧਾ ਸਿੰਘ ਜੀ ਨੇ ਨਾਮ ਸਿਮਰਨ ਦੀ ਅਰਦਾਸ ਕੀਤੀ। ਦੋਵਾਂ ਟੀਮਾਂ ਦੇ ਖਿਡਾਰੀਆਂ ਅਤੇ ਆਈ ਸਾਧ ਸੰਗਤ ਨੇ ਬੈਠ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਚ 15 ਮਿੰਟ ਨਿਤਨੇਮ ਕੀਤਾ। ਨਾਮ ਸਿਮਰਨ ਉਪਰੰਤ ਸੂਬਾ ਅਰਵਿੰਦ ਸਿੰਘ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਚ ਮੈਚ ਦੀ ਸਫਲਤਾ ਲਈ ਅਰਦਾਸ ਕੀਤੀ।

20 ਓਵਰਾਂ ਦੇ ਇਸ ਮੈਚ ਚ ਟੀਮ A ਨੇ ਕੁੱਲ 186 ਦੋੜਾਂ ਬਣਾਈਆ। ਕਾਫੀ ਤੇਜ ਸ਼ਰੂਆਤ ਦੇ ਬਾਵਜੂਦ ਟੀਮ B ਅੰਤ ਵਿੱਚ ਕੁਲ 174 ਦੋੜਾਂ ਬਣਾ ਸਕੀ। ਮੈਚ ਬੜਾਂ ਰੋਮਾਂਚਕ ਸੀ। ਇਸ ਤੋਂ ਬਾਅਦ ਟੀਮ A ਵਲੋਂ ਸਭ ਤੋਂ ਵੱਧ ਸਕੋਰ ਬਣਾਉਣ ਵਾਲੇ ਕਾਕਾ ਇੰਦਰ ਸਿੰਘ ਨਾਗੀ ਅਤੇ ਟੀਮ B ਵਲੋਂ ਸਭ ਤੋਂ ਵੱਧ ਸਕੋਰ ਬਣਾਉਣ ਵਾਲੇ ਕਾਕਾ ਹਰਬੰਸ ਸਿੰਘ ਨੂੰ ਬੈਸਟ ਪਲੇਅਰ ਟ੍ਰਾਫੀ ਦਿਤੀ ਗਈ। ਬਾਕੀ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵਾਲੇ ਮੈਡਲ ਦਿਤੇ ਗਏ।

ਨੌਜਵਾਨਾਂ ਨੂੰ ਸਨਮਾਨ ਦੇਣ ਵਾਲੀ ਸ਼ਖਸ਼ੀਅਤਾਂ ਚ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ, ਸੂਬਾ ਅਰਵਿੰਦ ਸਿੰਘ, ਪ੍ਰਧਾਨ ਸਾਧਾ ਸਿੰਘ, ਪ੍ਰਧਾਨ ਹਜ਼ਾਰਾ ਸਿੰਘ (ਵਿਸ਼ਨੂੰ ਗਾਰਡਨ), ਸੰਤ ਮਹਿੰਦਰ ਸਿੰਘ ਬਾਲੀ ਨਗਰ, ਸਰਬ ਸ਼ਕਤੀਮਾਨ, ਗੁਰਨਾਮ ਸਿੰਘ, ਸ.ਬਲਦੇਵ ਸਿੰਘ ਰੈਨੂੰ, ਸ. ਪੂਰਨ ਸਿੰਘ ਸ਼ਿਵ ਨਗਰ, ਸੁਰਅੰਮ੍ਰਿਤ ਸਿੰਘ, ਜੁਝਾਰ ਸਿੰਘ ਗੁਰਦਿਆਲ ਸਿੰਘ ਲੱਕੀ, ਆਦਿ।

ਅੰਤ ਵਿੱਚ ਸਭ ਨੇ ਲੰਗਰ ਛਕਿਆ। ਇਸ ਸਾਰੇ ਪ੍ਰੋਗਰਾਮ ਨੂੰ ਕਰਵਾਉਣ ਵਿੱਚ ਸੰਤੋਖ ਸਿੰਘ (ਰਾਜਾ ਨਾਮਧਾਰੀ) ਤੇ ਨਵਨੀਤ ਸਿੰਘ ਰੈਨੂੰ ਨੇ ਅਹਿਮ ਭੂਮਿਕਾ ਨਿਭਾਈ। ਇਹ ਸਾਰਾ ਪ੍ਰੋਗਰਾਮ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਸੱਕਤਰ ਸ. ਮੰਗਲਜੀਤ ਸਿੰਘ ਤੇ ਹਰਪਾਲ ਸਿੰਘ ਦੀ ਦੇਖ ਰੇਖ ਵਿੱਚ ਹੋਇਆ।

**–ਜਥੇਦਾਰ ਨਿਸ਼ਾਨ ਸਿੰਘ**

# ਵਿਦੇਸ਼ੀ ਸੰਬੰਧਾਂ ਬਾਰੇ ਵਖਿਆਨ... (ਬਾਕੀ ਸਫਾ 2 ਦੀ)

ਹਿਸਾ ਪਾਇਆ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪੱਤਰ ਲੈਕੇ 300 ਕੂਕੇ ਸਿੰਘ ਭਰਤੀ ਹੋਏ ਸਨ, ਕਮਾਂਡਰ ਹੀਰਾ ਸਿੰਘ ਲੰਮੂ ਦੀ ਅਗੁਵਾਈ ਵਿਚ। ਫਿਰ ਕਸ਼ਮੀਰ ਤੋਂ ਪਹਾੜੀ ਰਸਤੇ ਨੇਪਾਲ ਪੁੱਜਿਆ ਅਤੇ 1870 ਦੇ ਅਖੀਰ ਵਿਚ ਰਾਣਾ ਜੰਗ ਬਹਾਦਰ ਪਾਸ ਇਕ ਉਚ ਪੱਧਰੀ ਕੂਕਾ ਵਫਦ ਆਉਣ ਦਾ ਰਾਹ ਸਾਫ਼ ਕੀਤਾ। ਦਰਅਸਲ ਭਾਰਤ ਦੀ ਸੁਤੰਤਰਤਾ ਲਈ ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਚਲਣ ਵਾਲੇ ਕੂਕਾ ਅੰਦੋਲਨ ਦੇ ਵਿਵਿਧ ਪਸਾਰ ਸਨ। ਸਤਿਗੁਰੂ ਜੀ ਆਪਣੇ ਸਿੰਘਾਂ ਨੂੰ ਗੁਆਂਢੀ ਦੇਸੀ ਵਿਦੇਸੀ ਰਿਆਸਤਾਂ ਵਿਚ ਸੈਨਿਕ ਸਿਖਲਾਈ ਦੁਆਕੇ ਉਚਿਤ ਸਮਾਂ ਆਉਣ ਤੇ ਵਿਦੇਸ਼ੀ ਸਰਕਾਰ ਨਾਲ ਹਰ ਤਰ੍ਹਾਂ ਦੀ ਤਿਆਰੀ ਕਰਕੇ ਸਿੱਝਣ ਦੀ ਯੋਜਨਾ ਬਣਾ ਰਹੇ ਸਨ। ਤਿੰਨੇ ਦਿਨ ਸੰਗਤਾਂ ਨੇ ਇਹ ਵਿਖਿਆਨ ਇਕਾਗਰਚਿੱਤ ਹੋ ਕੇ ਸੁਣੇ ਅਤੇ ਆਪਣੇ ਇਤਿਹਾਸ ਦੀ ਵੱਡੀ ਕੀਰਤੀ ਦਾ ਅਨੰਦ ਮਾਣਿਆ।■

Date of Publication: 25/11/2015, Date of Posting: 26-27/11/2015
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਰਾਗੀ ਬਲਵੰਤ ਸਿੰਘ ਦੀ ਮਾਤਾ, ਬੀਬੀ ਸੁਰਿੰਦਰ ਕੌਰ ਨਮਿਤ ਭੋਗ ਸਮੇਂ ਉਹਨਾਂ ਦੇ ਪਤੀ ਸੰਤ ਜੋਗਿੰਦਰ ਸਿੰਘ ਪਰਵਾਰ ਸਮੇਤ ਨਤਮਸਤਕ ਹੁੰਦੇ ਹੋਏ



ਸ੍ਰੀ ਸਤਿਗੁਰੂ ਜੀ ਦਿੱਲੀ ਵਿਖੇ ਸੰਤ ਬਲਦੇਵ ਸਿੰਘ ਪੁੱਤਰ ਸੰਤ ਜੋਗਿੰਦਰ ਸਿੰਘ (ਕਰੀਵਾਲਾ) ਦੇ ਗ੍ਰਹਿ ਵਿਖੇ ਦਰਸ਼ਨ ਦੇਂਦੇ ਹੋਏ ਪਰਵਾਰ ਆਪ ਜੀ ਪਾਸੋ ਬਖ਼ਸ਼ਸ਼ ਮੰਗਦਾ ਹੋਇਆ



ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਹੋਏ ਹਾਕੀ ਟੂਰਨਾਂਮੈਂਟ ਦੌਰਾਨ ਨਾਮਧਾਰੀ ਸਪੋਰਟਸ ਅਕਾਡਮੀ ਸ੍ਰੀ ਭੈਣੀ ਸਾਹਿਬ ਅਤੇ ਜੈ ਭਾਰਤ ਅਕਾਡਮੀ ਦਿੱਲੀ ਦੀਆਂ ਟੀਮਾਂ ਸ੍ਰੀ ਸਤਿਗੁਰੂ ਜੀ ਨਾਲ ਗਰੁਪ ਫੋਟੋ ਦੌਰਾਨ, ਨਾਲ ਹਨ ਸ੍ਰੀ ਐਮ ਕੇ ਕੋਸ਼ਿਕ (ਸਾਬਕਾ ਕੋਚ) ਸੰਤ ਦੀਦਾਰ ਸਿੰਘ (ਓਲੰਪਿਅਨ) ਅਤੇ ਮੁੱਖੀ ਸੱਜਣ



ਕ੍ਰਿਕੇਟ ਮੈਚ ਵਿੱਚ ਆਈ ਅਵੱਲ ਟੀਮ ਪ੍ਰਸੰਨ ਮੁਦਰਾਂ ਵਿੱਚ



ਮੁੰਬਈ ਵਿਖੇ ਸੰਤ ਬਲਦੇਵ ਸਿੰਘ ਕਲਸੀ ਨਮਿਤ ਰੱਖੇ ਪਾਠ ਦੇ ਭੋਗ ਸਮੇਂ ਰਾਗੀ ਸਿੰਘ ਦਿਵਾਨ ਸਜਾਉਂਦੇ ਹੋਏ




ਦਿੱਲੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਹੋਏ ਫ੍ਰੈਂਡਲੀ ਕ੍ਰਿਕੇਟ ਮੈਚ ਦੇ ਖਿਡਾਰੀਆਂ ਦੀ ਮੁੱਖ ਪਤਵੰਤੇ ਸੱਜਣਾਂ ਨਾਲ ਇੱਕ ਗਰੁਪ ਫੋਟੋ

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ – 250 ਰੁਪਈਏ, ਪ੍ਰਦੇਸ – 30 ਪੌਂਡ
ਪੰਜ ਸਾਲ : ਦੇਸ – 1000 ਰੁਪਈਏ, ਪ੍ਰਦੇਸ – 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ–ਸਵੇਰੇ 6.52 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ–ਸ਼ਾਮੀਂ 5.24 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.34 of 26 November 2015